ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸੋਮਵਾਰ, 23 ਫਰਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੧੨ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਕੇਂਦਰੀ ਮੰਤਰੀ ਜੇ.ਪੀ.ਨੱਢਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਏ ਨਤਮਸਤਕ



**ਸ੍ਰੀ ਅਨੰਦਪੁਰ ਸਾਹਿਬ, 22 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਨੰਦਪੁਰ ਸਾਹਿਬ ਦੀ ਇਤਿਹਾਸਕ ਧਰਤੀ ’ਤੇ ਸੁਸ਼ੋਭਿਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੇਂਦਰ ਸਰਕਾਰ ਦੇ ਹਿਮਾਚਲ ਤੋਂ ਰਾਜ ਸਭਾ ਮੈਂਬਰ ਜਗਤ ਪ੍ਰਕਾਸ਼ ਨੱਢਾ ਨਤਮਸਤਕ ਹੋਏ। ਉਨ੍ਹਾਂ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਗੁਰੂ ਸਾਹਿਬ ਦਾ ਸ਼ੁਕਰੀਆ ਅਦਾ ਕੀਤਾ ਗਿਆ। ਉਨ੍ਹਾਂ ਦੇ ਨਾਲ ਪੰਜਾਬ ਦੇ ਭਾਜਪਾ ਵਰਕਰ ਵੀ ਹਾਜ਼ਰ ਸਨ। ਇਸ ਮੌਕੇ ਜਿੱਥੇ ਉਨ੍ਹਾਂ ਨੇ ਤਖ਼ਤ ਸਾਹਿਬ ਵਿਖੇ ਜਿੱਥੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ, ਉੱਥੇ ਹੀ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕੀਤਾ।

## ਪਾਕਿਸਤਾਨ ਨੇ ਅਫਗਾਨਿਸਤਾਨ ’ਚ ਕੀਤਾ ਵੱਡਾ ਹਵਾਈ ਹਮਲਾ

# ਅੱਤਵਾਦੀ ਟਿਕਾਣਿਆਂ ਨੂੰ ਬਣਾਇਆ ਨਿਸ਼ਾਨਾ, 28 ਤੋਂ ਵੱਧ ਮੌਤਾਂ



**ਕਾਬੁਲ/ਇਸਲਾਮਾਬਾਦ, 22 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਨੇ ਐਤਵਾਰ ਸਵੇਰੇ ਅਫਗਾਨਿਸਤਾਨ ਦੇ ਅੰਦਰ ਕਈ ਥਾਵਾਂ ’ਤੇ ਹਵਾਈ ਹਮਲੇ ਕੀਤੇ। ਪਾਕਿਸਤਾਨ ਨੇ ਕਿਹਾ ਕਿ ਇਨ੍ਹਾਂ ਹਮਲਿਆਂ ਵਿੱਚ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਸੂਤਰਾਂ ਦਾ ਕਹਿਣਾ ਹੈ ਕਿ ਹਮਲਿਆਂ ਵਿੱਚ ਘੱਟੋ-ਘੱਟ 28 ਟੀਟੀਪੀ ਲੜਾਕੇ ਮਾਰੇ ਗਏ। ਹਾਲਾਂਕਿ, ਕਾਬੁਲ ਵਿੱਚ ਤਾਲਿਬਾਨ ਪ੍ਰਸ਼ਾਸਨ ਨੇ ਅਜੇ ਤੱਕ ਅਧਿਕਾਰਤ ਤੌਰ ’ਤੇ ਇਸਦੀ ਪੁਸ਼ਟੀ ਨਹੀਂ ਕੀਤੀ ਹੈ। ਅਫਗਾਨ ਮੀਡੀਆ ਆਉਟਲੈਟ ਟੋਲੋ ਨਿਊਜ਼ ਨੇ ਰਿਪੋਰਟ ਦਿੱਤੀ ਹੈ ਕਿ ਪਾਕਿਸਤਾਨੀ ਲੜਾਕੂ ਜਹਾਜ਼ਾਂ ਨੇ ਅੱਜ ਸਵੇਰੇ ਸਰਹੱਦੀ ਸੂਬੇ ਪਕਤਿਕਾ ਦੇ ਬਰਮਲ ਅਤੇ ਉਰਗੁਨ ਜ਼ਿਲ੍ਹਿਆਂ ਵਿੱਚ ਹਵਾਈ ਹਮਲੇ ਕੀਤੇ। ਨੰਗਰਹਾਰ ਸੂਬੇ ਦੇ ਖੋਗਿਆਨੀ ਜ਼ਿਲ੍ਹੇ ਵਿੱਚ ਵੀ ਹਵਾਈ ਹਮਲੇ ਕੀਤੇ ਗਏ।” ਲੜਾਕੂ ਜਹਾਜ਼ਾਂ ਨੇ ਨੰਗਰਹਾਰ ਸੂਬੇ ਦੇ ਘਨੀ ਖੇਲ ਅਤੇ ਬੇਹਸੂਦ ਜ਼ਿਲ੍ਹਿਆਂ ’ਤੇ ਵੀ ਬੰਬਾਰੀ ਕੀਤੀ। ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਪਾਕਿਸਤਾਨੀ ਹਵਾਈ ਹਮਲੇ ਨੇ ਨਾਗਰਿਕ ਘਰਾਂ ਦੇ ਨਾਲ-ਨਾਲ ਇੱਕ ਮਦਰੱਸੇ ਨੂੰ ਵੀ ਨਿਸ਼ਾਨਾ ਬਣਾਇਆ। ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਪਕਤਿਕਾ ਦੇ ਬਰਮਲ ਜ਼ਿਲ੍ਹੇ ਵਿੱਚ ਬਨੂਸੀ ਮਦਰੱਸੇ ’ਤੇ ਹਵਾਈ ਜਹਾਜ਼ਾਂ ਤੋਂ ਮਿਜ਼ਾਈਲਾਂ ਦਾਗੀਆਂ ਗਈਆਂ। ਸਥਾਨਕ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਕੁੱਲ ਅੱਠ ਨਿਸ਼ਾਨਿਆਂ ’ਤੇ ਹਮਲਾ ਕੀਤਾ ਗਿਆ।

## ਮਸ਼ਹੂਰ ਗਾਇਕ ਕੇ.ਐਸ.ਮੱਖਣ ਨੇ ਰਾਜਨੀਤੀ ’ਚ ਧਰਿਆ ਪੈਰ, ਅਕਾਲੀ ਦਲ ’ਚ ਹੋਏ ਸ਼ਾਮਲ

**ਚੰਡੀਗੜ੍ਹ, 22 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਦੇ ਨਕੋਦਰ ਵਿੱਚ ਜੰਮੇ ਪੰਜਾਬੀ ਗਾਇਕ ਅਤੇ ਪਹਿਲਵਾਨ ਕੇ.ਐਸ. ਮੱਖਣ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ। ਸੁਖਬੀਰ ਬਾਦਲ ਨੇ ਉਨ੍ਹਾਂ ਨੂੰ ਸਿਰੋਪਾਓ ਭੇਟ ਕਰਕੇ ਪਾਰਟੀ ਵਿੱਚ ਸਵਾਗਤ ਕੀਤਾ। 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ, ਅਕਾਲੀ ਦਲ ਨੇ ਇੱਕ ਹਫ਼ਤੇ ਦੇ ਅੰਦਰ ਦੂਜੇ ਪ੍ਰਮੁੱਖ ਕਬੱਡੀ ਖਿਡਾਰੀ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਹੈ। ਇਸ ਤੋਂ ਪਹਿਲਾਂ, ਕਬੱਡੀ ਖਿਡਾਰੀ ਗੋਪੀ ਫਰੰਦੀਪੁਰੀਆ ਅਕਾਲੀ ਦਲ ਵਿੱਚ ਸ਼ਾਮਲ ਹੋਏ ਸਨ। 2022 ਵਿੱਚ ਖੇਮਕਰਨ ਅਤੇ ਨਕੋਦਰ ਦੋਵਾਂ ਸੀਟਾਂ ’ਤੇ ਅਕਾਲੀ ਦਲ ਦੇ ਉਮੀਦਵਾਰ ਹਾਰ ਗਏ ਸਨ। ਸ਼ਨੀਵਾਰ ਰਾਤ ਨੂੰ, ਸੁਖਬੀਰ ਬਾਦਲ ਨੇ ਕੇ.ਐਸ. ਮੱਖਣ ਦੇ ਪਿੰਡ, ਸ਼ੰਕਰ ਦਾ



ਦੌਰਾ ਕੀਤਾ ਅਤੇ ਉਨ੍ਹਾਂ ਨੂੰ ਅਕਾਲੀ ਦਲ ਵਿੱਚ ਸ਼ਾਮਲ ਕਰਵਾਇਆ। ਇਹ ਕੇ.ਐਸ. ਮੱਖਣ ਦੀ ਪੰਜਾਬ ਦੀ ਰਾਜਨੀਤੀ ਵਿੱਚ ਦੂਜੀ ਐਕਟਿਵ ਪਾਰੀ ਹੋਵੇਗੀ। ਪਹਿਲਾਂ, ਗਾਇਕ ਬਸਪਾ ਦੇ ਨਾਲ ਸਨ। ਕੇ.ਐਸ. ਮੱਖਣ ਨੇ 2014 ਦੀਆਂ ਚੋਣਾਂ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਬਸਪਾ ਦੀ ਟਿਕਟ ’ਤੇ ਲੜੀਆਂ ਸਨ, 69,124 ਵੋਟਾਂ ਪ੍ਰਾਪਤ ਕੀਤੀਆਂ ਸਨ ਅਤੇ ਚੌਥੇ ਸਥਾਨ ’ਤੇ ਰਹੇ ਸਨ। 2016 ਵਿੱਚ ਲੋਕ ਸਭਾ ਚੋਣਾਂ ਹਾਰਨ ਤੋਂ ਬਾਅਦ ਮੱਖਣ ਬਸਪਾ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ, ਪਰ ਸਰਗਰਮ ਰਾਜਨੀਤੀ ਵਿੱਚ ਨਹੀਂ ਆਏ। ਆਪਣੇ ਜੱਦੀ ਪਿੰਡ, ਜੋ ਕਿ ਜਲੰਧਰ ਦੇ ਨਕੋਦਰ ਵਿਧਾਨ ਸਭਾ ਹਲਕੇ ਦੇ ਅਧੀਨ ਆਉਂਦਾ ਹੈ, ਵਿੱਚ, ਕੇਐਸ ਮੱਖਣ ਨੇ ਐਲਾਨ ਕੀਤਾ ਕਿ ਉਹ ਹੁਣ ਸਰਗਰਮ ਰਾਜਨੀਤੀ ਵਿੱਚ ਆਉਣਗੇ।

## ਗੁਰਦਾਸਪੁਰ ’ਚ 2 ਪੁਲਿਸ ਮੁਲਾਜ਼ਮਾਂ ਦੀ ਮੌਤ; ਦੋਰਾਂਗਲਾ ਥਾਣੇ ਅਧੀਨ ਪੁਲਿਸ ਚੈੱਕ ਪੋਸਟ ’ਤੇ ਮਿਲੀਆਂ ਮ੍ਰਿਤਕ ਦੇਹਾਂ

**ਗੁਰਦਾਸਪੁਰ, 22 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਗੁਰਦਾਸਪੁਰ ਦੇ ਦੋਰਾਂਗਲਾ ਥਾਣੇ ਅਧੀਨ ਪੁਲਿਸ ਚੈੱਕ ਪੋਸਟ ’ਤੇ ਉਸ ਸਮੇਂ ਹੜਕੰਪ ਮਚ ਗਿਆ ਜਦੋਂ ਦੋ ਪੁਲਿਸ ਮੁਲਾਜ਼ਮਾਂ ਦੀ



ਮ੍ਰਿਤਕ ਦੇਹਾਂ ਬਰਾਮਦ ਹੋਈਆਂ। ਮਿਲੀ ਜਾਣਕਾਰੀ ਮੁਤਾਬਿਕ ਮ੍ਰਿਤਕਾਂ ਦੇਹਾਂ ਦੀ ਏਐਸਆਈ ਗੁਰਨਾਮ ਸਿੰਘ ਤੇ ਹੋਮਗਾਰਡ ਜਵਾਨ ਅਸ਼ੋਕ ਕੁਮਾਰ ਵਜੋਂ ਪਛਾਣ ਹੋਈ ਹੈ। ਦੱਸ ਦਈਏ ਕਿ ਦੋਹਾਂ ਦੀ ਗੋਲੀ ਵੱਜਣ ਕਾਰਨ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਥਾਂ-ਥਾਂ ਨਾਕੇਬੰਦੀ ਕੀਤੀ। ਫਿਲਹਾਲ ਪੁਲਿਸ ਵੱਲੋਂ ਜਾਂਚ ਜਾਰੀ ਹੈ। ਘਟਨਾ ਮਗਰੋਂ ਮੌਕੇ ’ਤੇ ਪੁਲਿਸ ਅਧਿਕਾਰੀਆਂ ਦੀ ਟੀਮ ਪਹੁੰਚ ਚੁੱਕੀ ਹੈ। ਫਿਲਹਾਲ ਇਹ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ ਕਿ ਆਖਿਰ ਕੀ ਕਾਰਨ ਰਿਹਾ ਕਿ ਉਹ ਘਟਨਾ ਵਾਪਰੀ ਹੈ। ਪੁਲਿਸ ਦੇ ਆਲਾ ਅਧਿਕਾਰੀ ਮੌਕੇ ’ਤੇ ਮੌਜੂਦ ਹਨ। ਐਸਪੀ ਡੀਕੇ ਚੌਧਰੀ ਨੇ ਕਿਹਾ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਹੈ ਕਿ ਪੁਲਿਸ ਮੁਲਾਜ਼ਮਾਂ ਦੀ ਮ੍ਰਿਤਕ ਦੇਹਾਂ ਬਰਾਮਦ ਹੋਈਆਂ ਹਨ। ਮਾਮਲੇ ਸਬੰਧੀ ਜਾਂਚ ਕੀਤੀ ਜਾ ਰਹੀ ਹੈ। ਪਿੰਡ ਅਦੀਆ ਦੇ ਸਰਪੰਚ ਕਮਲਜੀਤ ਸਿੰਘ ਨੇ ਦੱਸਿਆ ਕਿ ਸਵੇਰ ਐਸਐਚਓ ਦਾ ਉਨ੍ਹਾਂ ਨੂੰ ਫੋਨ ਆਇਆ ਸੀ ਕਿ ਚੌਕੀ ਮਲਾਜ਼ਮ ਨੂੰ ਫੋਨ ਨਹੀਂ ਚੁੱਕਿਆ, ਜਦੋਂ ਉਨ੍ਹਾਂ ਨੇ ਉੱਥੇ ਜਾ ਕੇ ਦੇਖਿਆ ਤਾਂ ਦੋਹਾਂ ਦੀਆਂ ਲਾਸ਼ਾਂ ਚੌਕੀ ’ਚ ਪਈਆਂ ਹੋਈਆਂ ਸੀ ਅਤੇ ਉਨ੍ਹਾਂ ਦੋਹਾਂ ਨੂੰ ਗੋਲੀ ਲੱਗੀ ਹੋਈ ਸੀ, ਉਨ੍ਹਾਂ ਨੇ ਤੁਰੰਤ ਹੀ ਪੁਲਿਸ ਨੂੰ ਇਸਦੀ ਸੂਚਨਾ ਦਿੱਤੀ।

ਇਸ ਘਟਨਾ ਮਗਰੋਂ ਹੁਣ ਦੋਵਾਂ ਮੁਲਾਜ਼ਮਾਂ ਦੇ ਪਰਿਵਾਰਾਂ ਵੱਲੋਂ ਵੀ ਮੀਡੀਆ ਸਾਹਮਣੇ ਆਪਣਾ ਬਿਆਨ ਜਾਰੀ ਕੀਤਾ ਗਿਆ ਹੈ। ਪਰਿਵਾਰਕ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਮਾਮਲੇ ਦੀ ਬਾਰੀਕੀ ਨਾਲ ਅਤੇ ਨਿਰਪੱਖ ਜਾਂਚ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੋ ਅਫਵਾਹਾਂ ਫੈਲ ਰਹੀਆਂ ਹਨ ਕਿ ਦੋਵਾਂ ਵਿਚਕਾਰ ਆਪਸੀ ਝਗੜਾ ਹੋਇਆ ਸੀ ਜਾਂ ਉਨ੍ਹਾਂ ਨੇ ਇੱਕ-ਦੂਜੇ ਨੂੰ ਗੋਲੀ ਮਾਰੀ, ਉਹ ਗੱਲ ਬਿਲਕੁਲ ਗਲਤ ਹੈ। ਪਰਿਵਾਰਾਂ ਨੇ ਇਸ ਦਾਅਵੇ ਨੂੰ ਸਖ਼ਤੀ ਨਾਲ ਨਕਾਰਿਆ ਹੈ ਅਤੇ ਕਿਹਾ ਹੈ ਕਿ ਅਸਲ ਸੱਚਾਈ ਜਾਂਚ ਤੋਂ ਬਾਅਦ ਹੀ ਸਾਹਮਣੇ ਆ ਸਕਦੀ ਹੈ। ਗੱਲਬਾਤ ਦੌਰਾਨ ਪਰਿਵਾਰਕ ਮੈਂਬਰਾਂ ਨੇ ਅਪੀਲ ਕੀਤੀ ਕਿ ਪੁਲਸ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਵੇ ਅਤੇ ਪੂਰੀ ਕਾਨੂੰਨੀ ਕਾਰਵਾਈ ਕਰੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਦੋਵੇਂ ਜਵਾਨ ਡਿਊਟੀ ‘ਤੇ ਤਾਇਨਾਤ ਸਨ, ਇਸ ਲਈ ਉਨ੍ਹਾਂ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇ। ਪਰਿਵਾਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਬਣਦਾ ਇਨਸਾਫ ਮਿਲਣਾ ਚਾਹੀਦਾ ਹੈ ਅਤੇ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾਵੇ। ਫਿਲਹਾਲ ਪੁਲਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤਫਤੀਸ਼ ਕੀਤੀ ਜਾ ਰਹੀ ਹੈ।

## ਸ਼੍ਰੋਮਣੀ ਕਮੇਟੀ ਵਿੱਚ ਭ੍ਰਿਸ਼ਟਾਚਾਰ ਦੇ ਪੁਖ਼ਤਾ ਸਬੂਤ ਹੋਣ ਦਾ ਦਾਅਵਾ - ਗਿਆਨੀ ਰਘਬੀਰ ਸਿੰਘ ਵੱਲੋਂ 72 ਘੰਟਿਆਂ ਦਾ ਅਲਟੀਮੇਟਮ





**ਅੰਮ੍ਰਿਤਸਰ/ਜਲੰਧਰ, 22 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਵੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਭ੍ਰਿਸ਼ਟਾਚਾਰ ਹੋਣ ਦੇ ਗੰਭੀਰ ਦੋਸ਼ ਲਗਾਉਂਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ 72 ਘੰਟਿਆਂ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਨਿਰਧਾਰਤ ਸਮੇਂ ਅੰਦਰ ਉਨ੍ਹਾਂ ਵੱਲੋਂ ਚੁੱਕੇ ਸਵਾਲਾਂ ਦੇ ਜਵਾਬ ਨਾ ਮਿਲੇ ਤਾਂ ਉਹ ਸਬੂਤਾਂ ਸਮੇਤ ਸਾਰੀ ਜਾਣਕਾਰੀ ਸੰਗਤ ਸਾਹਮਣੇ ਰੱਖਣਗੇ। ਇੱਕ ਵੀਡੀਓ ਸੰਦੇਸ਼ ਜਾਰੀ ਕਰਦਿਆਂ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ 18 ਫਰਵਰੀ ਨੂੰ ਜਲੰਧਰ ਵਿਖੇ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਕਾਜ ਨੂੰ ਲੈ ਕੇ ਕਈ ਗੰਭੀਰ ਸਵਾਲ ਉਠਾਏ ਗਏ ਸਨ, ਪਰ ਹੁਣ ਤੱਕ ਪ੍ਰਧਾਨ ਵੱਲੋਂ ਕੋਈ ਸੰਤੋਸ਼ਜਨਕ ਜਵਾਬ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਖੁਦ ਇਹ ਗੱਲ ਮੰਨੀ ਸੀ ਕਿ ਕਮੇਟੀ ਅੰਦਰ ਹਰ ਰੋਜ਼ 10 ਤੋਂ 15 ਤੱਕ ਘਪਲੇ ਸਾਹਮਣੇ ਆ ਰਹੇ ਹਨ। ਗਿਆਨੀ ਰਘਬੀਰ ਸਿੰਘ ਨੇ ਦੋਸ਼ ਲਗਾਇਆ ਕਿ ਹੁਣ ਪ੍ਰਧਾਨ ਇਨ੍ਹਾਂ ਸਵਾਲਾਂ ਤੋਂ ਪਾਸਾ ਵੱਟ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰੈੱਸ ਕਾਨਫਰੰਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੂੰ ਸਿੱਖ ਕੌਮ ਤੋਂ ਮਾਫ਼ੀ ਵੀ ਮੰਗਣੀ ਪਈ, ਜੋ ਆਪਣੇ ਆਪ ਵਿੱਚ ਗੰਭੀਰ ਮਸਲੇ ਵੱਲ ਇਸ਼ਾਰਾ ਕਰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ 72 ਘੰਟਿਆਂ ਅੰਦਰ ਜਵਾਬ ਨਾ ਮਿਲੇ ਤਾਂ ਸਾਰੇ ਮਸਲੇ ਸਬੂਤਾਂ ਸਮੇਤ ਸੰਗਤ ਸਾਹਮਣੇ ਰੱਖੇ ਜਾਣਗੇ। ਗਿਆਨੀ ਰਘਬੀਰ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਹਰ ਸਵਾਲ ਨਾਲ ਜੁੜੇ ਪੱਕੇ ਸਬੂਤ ਮੌਜੂਦ ਹਨ ਅਤੇ ਸੱਚਾਈ ਜਲਦ ਹੀ ਸੰਗਤ ਸਾਹਮਣੇ ਆਵੇਗੀ। ਇਸ ਮਾਮਲੇ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧਨ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵਿਚਾਲੇ ਟਕਰਾਅ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ ਅਤੇ ਸਿੱਖ ਹਲਕਿਆਂ ਵਿੱਚ ਇਸ ਮਾਮਲੇ ਨੂੰ ਲੈ ਕੇ ਚਰਚਾ ਤੇਜ਼ ਹੋ ਗਈ ਹੈ।

## ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿ. ਰਣਜੀਤ ਸਿੰਘ ਗੌਹਰ-ਏ-ਮਸਕੀਨ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ’ਚ ਗਿ. ਰਘਬੀਰ ਸਿੰਘ ਖਿਲਾਫ ਮੰਗ ਪੱਤਰ




**ਨਵੀਂ ਦਿੱਲੀ, 22 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੌਜੂਦਾ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਵੱਲੋਂ ਬੀਤੇ ਕੁਝ ਦਿਨ ਪਹਿਲਾਂ ਜਲੰਧਰ ਵਿੱਚ ਇੱਕ ਪ੍ਰੈਸ ਕਾਨਫਰੰਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੇ ਉੱਤੇ ਕਈ ਸਵਾਲੀਆਂ ਨਿਸ਼ਾਨ ਖੜੇ ਕੀਤੇ ਗਏ, ਜਿਸ ਤੋਂ ਬਾਅਦ ਹੁਣ ਗਿਆਨੀ ਰਘਬੀਰ ਸਿੰਘ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਮੁਸ਼ਕਿਲਾਂ ਵਧਦੀਆਂ ਹੋਈਆਂ ਨਜ਼ਰ ਆ ਰਹੀਆਂ ਹਨ। ਦੱਸ ਦਈਏ ਕਿ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ ਗੌਹਰ ਵੱਲੋਂ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਉਨ੍ਹਾਂ ਵੱਲੋਂ ਗਿਆਨੀ ਰਘਬੀਰ ਸਿੰਘ ਅਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੀ ਪ੍ਰਾਪਰਟੀ ਦੀ ਜਾਂਚ ਕਰਨ ਲਈ ਕਿਹਾ ਗਿਆ ਹੈ। ਸਾਬਕਾ ਜਥੇਦਾਰ ਰਣਜੀਤ ਸਿੰਘ ਗੌਹਰ ਦਾ ਕਹਿਣਾ ਹੈ ਕਿ ਇਨ੍ਹਾਂ ਦੀ ਪ੍ਰਾਪਰਟੀ ਦੀ ਜਾਂਚ ਕੀਤੀ ਜਾਵੇ, ਕਿਉਂਕਿ ਪਾਸ਼ ਇਲਾਕਿਆਂ ਦੇ ਵਿੱਚ ਉਨ੍ਹਾਂ ਦੀਆਂ ਕੋਠੀਆਂ ਹਨ ਅਤੇ ਜਥੇਦਾਰ ਦੇ ਅਹੁਦੇ ’ਤੇ ਰਹਿ ਕੇ ਇਨ੍ਹਾਂ ਕੋਲ ਕਿਸ ਤਰ੍ਹਾਂ ਇੰਨੇ ਪੈਸੇ ਇਕੱਤਰ ਹੋਏ ਇਸ ਦੀ ਜਾਣਕਾਰੀ ਜ਼ਰੂਰ ਦਿੱਤੀ ਜਾਵੇ। ਹਾਲਾਂਕਿ ਮੰਗ ਪੱਤਰ ਦੇਣ ਤੋਂ ਬਾਅਦ ਰਣਜੀਤ ਸਿੰਘ ਗੋਹਰ ਵੱਲੋਂ ਮੀਡੀਆ ਨੂੰ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਜੇਕਰ ਉਨ੍ਹਾਂ ਕੋਲੋਂ ਪੁਖਤਾ ਸਬੂਤ ਹਨ ਤਾਂ ਉਹ ਵੀ ਕੌਮ ਦੇ ਅੱਗੇ ਪੇਸ਼ ਕੀਤੇ ਜਾਣ ਤਾਂ ਜੋ ਕਿ ਇਸਦਾ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕੱਢਿਆ ਜਾ ਸਕੇ। ਦੱਸਣ ਯੋਗ ਹੈ ਕੀ ਗਿਆਨੀ ਰਘਬੀਰ ਸਿੰਘ ਵੱਲੋਂ ਵਿਵਾਦਤ ਬਿਆਨਬਾਜ਼ੀ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿਮ ਕਮੇਟੀ ਵੱਲੋਂ 72 ਘੰਟੇ ਦਾ ਅਲਟੀਮੇਟਮ ਦਿੱਤਾ ਗਿਆ ਸੀ, ਜਿਸ ਵਿੱਚ ਸਾਫ ਤੌਰ ’ਤੇ ਕਿਹਾ ਗਿਆ ਸੀ ਕਿ ਜੇਕਰ ਉਹਨਾਂ ਕੋਲ ਕੋਈ ਪੁਖਤਾ ਸਬੂਤ ਹਨ ਤਾਂ ਉਹ ਪੇਸ਼ ਕੀਤੇ ਜਾਣ।




**ਸਾਹਿਬ ਸਤਿਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਖਾਰਗਰ ਨਵੀਂ ਮੁੰਬਈ ਵਿਖੇ ਮਿਤੀ 28 ਫਰਵਰੀ ਅਤੇ 1 ਮਾਰਚ 2026 ਨੂੰ ਦੋ ਰੋਜ਼ਾ ਬਹੁਤ ਭਾਰੀ ਮਹਾਨ ਗੁਰਮਤਿ ਸਮਾਗਮ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾ ਦੀ ਅਗੁਵਾਈ 'ਚ ਮਹਾਰਾਸ਼ਟਰ ਦੀ ਸਰਕਾਰ ਦੀ ਦੇਖ ਰੇਖ ਹੇਠ ਕੀਤਾ ਜਾ ਰਿਹਾ ਹੈ।**

**ਸੰਗਤਾਂ ਨੂੰ ਬੇਨਤੀ ਹੈ ਇਹਨਾਂ ਸਮਾਗਮਾਂ 'ਚ ਹਾਜਰੀਆਂ ਭਰੋ ਅਤੇ ਲਾਹੇ ਪ੍ਰਾਪਤ ਕਰੋ ਜੀ।**

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net
Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net






ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

# ਮਹਾਂਰਾਸ਼ਟਰ 'ਚ 1 ਕਰੋੜ ਸਕੂਲੀ ਬੱਚੇ ਸ਼ਹੀਦੀ ਸ਼ਤਾਬਦੀ ਸਮਾਗਮਾਂ ਨੂੰ ਸਮਰਪਿਤ ਮੁਕਾਬਲਿਆਂ 'ਚ ਲੈਣਗੇ ਭਾਗ

## ਸ੍ਰੀ ਫੜਨਵੀਸ ਤੇ ਬਾਬਾ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਹੇਠ ਹੋ ਰਹੇ ਤੀਸਰੇ ਸ਼ਤਾਬਦੀ ਸਮਾਗਮਾਂ ਲਈ ਸੰਗਤਾਂ 'ਚ ਭਾਰੀ ਉਤਸ਼ਾਹ-ਚੇਅਰਮੈਨ ਸਿੱਧੂ



**ਚੌਕ ਮਹਿਤਾ,21ਫਰਵਰੀ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 28 ਫਰਵਰੀ ਦਿਨ ਸ਼ਨੀਵਾਰ ਤੇ 01 ਮਾਰਚ ਦਿਨ ਐਤਵਾਰ ਨੂੰ ਖਾਰਘਰ (ਨਵੀਂ ਮੁੰਬਈ) ਦੇ ਉਵੇ ਮੈਦਾਨ 'ਚ ਤੀਸਰੇ ਪੜਾਅ ਦੇ ਹੋਣ ਜਾ ਰਹੇ ਸਮਾਗਮਾਂ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਗੁਰਦੁਆਰਾ ਸੁਪਰੀਮ ਕੌਂਸਲ ਨਵੀਂ ਮੁੰਬਈ ਦੇ ਚੇਅਰਮੈਨ ਭਾਈ ਜਸਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦੇ ਵਿਸ਼ੇਸ਼ ਸਹਿਯੋਗ ਨਾਲ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਸਰਪ੍ਰਸਤੀ 'ਚ ਹੋ ਰਹੇ ਇਹ ਆਖਰੀ ਸ਼ਹੀਦੀ ਸ਼ਤਾਬਦੀ ਸਮਾਗਮ ਬਹੁਤ ਹੀ ਆਲੌਕਿਕ ਤੇ ਵਿਸ਼ਾਲ ਹੋਣਗੇ। ਉਨ੍ਹਾਂ ਕਿਹਾ ਕਿ ਇਸ ਮੌਕੇ ਮਹਾਰਾਸ਼ਟਰ 'ਚ ਕੋਂਕਣ ਏਰੀਆ ਅੰਦਰ ਬਹੁਤ ਹੀ ਧਾਰਮਿਕ ਮਾਹੌਲ ਉਸਰਿਆ ਹੋਇਆ ਹੈ।ਸਕੂਲਾਂ ਅੰਦਰ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਨੂੰ ਸਮਰਪਿਤ ਲੇਖ,ਪੇਟਿੰਗ ਤੇ ਸੁੰਦਰ ਲ਼ਿਖਾਈ ਆਦਿ ਬਹੁਤ ਸਾਰੇ ਵਿਦਿਅਕ ਮੁਕਾਬਲੇ ਕਰਵਾਏ ਜਾ ਰਹੇ ਹਨ,ਜਿਸ ਵਿੱਚ ਹੁਣ ਤੱਕ 50 ਲੱਖ ਤੋਂ ਵੱਧ ਬੱਚੇ ਭਾਗ ਲੈ ਚੁੱਕੇ ਹਨ ਤੇ ਹੁਣ ਇਸ ਗਿਣਤੀ ਨੂੰ 1 ਕਰੋੜ ਤੱਕ ਲੈ ਕੇ ਜਾਣ ਦਾ ਟੀਚਾ ਹੈ।ਇਹ ਵਿੱਦਿਅਕ ਮੁਕਾਬਲੇ 25 ਫਰਵਰੀ ਤੱਕ ਹੋਣਗੇ,ਉਪਰੰਤ ਕੋਂਕਣ ਡਿਵੀਸ਼ਨ ਦੇ ਕੁਲੈਕਟਰ ਵੱਲੋਂ 15 ਮੁੱਖ ਬੱਚਿਆਂ ਦੀ ਚੋਣ ਕੀਤੀ ਜਾਵੇਗੀ,ਜਿੰਨ੍ਹਾਂ ਨੂੰ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋ ਰਹੇ ਪ੍ਰਧਾਨ ਮੰਤਰੀ ਸ੍ਰੀ ਨੇਰੇਂਦਰ ਮੋਦੀ ਦੁਅਰਾ ਸਨਮਾਨਿਤ ਕੀਤਾ ਜਾਵੇਗਾ।ਸਿੱਧੂ ਨੇ ਦੱਸਿਆ ਕਿ ਸ਼ਹੀਦੀ ਸ਼ਤਾਬਦੀ ਸਮਾਗਮਾਂ ਨੂੰ ਲੈ ਕੇ 4 ਲੱਖ ਤੋਂ ਵੱਧ ਸਕੂਲੀ ਬੱਚਿਆਂ ਵੱਲੋਂ ਵੱਖ ਵੱਖ ਨਗਰ ਕੀਰਤਨ ਵੀ ਸਜਾਏ ਗਏ ਹਨ।ਉਨ੍ਹਾਂ ਕਿਹਾ ਕਿ ਸ਼ਤਾਬਦੀ ਸਮਾਗਮਾਂ ਦੇ ਸੰਦਰਭ 'ਚ ਇਸ ਸਮੇਂ ਹੋਰ ਵੀ ਬਹੁਤ ਸਾਰੀਆਂ ਗਤੀਵਿਧੀਆਂ ਆਰੰਭੀਆਂ ਗਈਆਂ ਹਨ ।

ਚੇਅਰਮੈਨ ਸਿੱਧੂ ਨੇ ਕਿਹਾ ਕਿ 8 ਦਸੰਬਰ ਨੂੰ ਨਾਗਪੁਰ ਤੇ 24-25 ਜਨਵਰੀ ਨੂੰ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੀ ਸੰਪੂਰਨਤਾ ਤੋਂ ਬਾਅਦ ਹੁਣ ਲੜੀ ਦਾ ਤੀਸਰਾ ਤੇ ਆਖਰੀ ਸਮਾਗਮ ਖਾਰਗਰ ਵਿਖੇ ਹੋਣ ਜਾ ਰਿਹਾ ਹੈ,ਜਿਸ ਦੀਆਂ ਸਾਰੀਆਂ ਤਿਆਰੀਆਂ ਲਗਭਗ ਮੁਕੰਮਲ ਹਨ।ਮੈਦਾਨ ਅੰਦਰ ਸੁੰਦਰ ਤੇ ਵਿਸ਼ਾਲ ਪੰਡਾਲ ਦੀ ਤਿਆਰੀ ਹੋ ਚੁੱਕੀ ਹੈ ਤੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇਸ ਤੀਸਰੇ ਤੇ ਆਖਰੀ ਸਮਾਗਮ ਪ੍ਰਤੀ ਦੇਸ਼ ਵਿਦੇਸ਼ 'ਚ ਵੱਸਦੀ ਨਾਨਕ ਨਾਮ ਲੇਵਾ ਸੰਗਤਾਂ ਤੇ ਸਮੁੱਚੇ ਸਿੱਖ ਸਮੁਦਾਏ 'ਚ ਭਾਰੀ ਉਤਸ਼ਾਹ ਹੈ।ਉਨ੍ਹਾਂ ਨੇ ਇਸ ਇਤਿਹਾਸਕ ਉਪਰਾਲੇ ਲਈ ਮਹਾਰਾਸ਼ਟਰ ਸਰਕਾਰ ਤੇ ਦਮਦਮੀ ਟਕਸਾਲ ਦਾ ਦਿਲੀ ਧੰਨਵਾਦ ਕਰਦੇ ਹੋਏ ਕਿਹਾ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਮਨਾ ਕੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਤੇ ਸ੍ਰਪਰਸਤ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਮਹਾਰਾਸ਼ਟਰ ਵੱਸਦੇ ਵੱਖ ਵੱਖ ਸਿੱਖ ਸਮਾਜਾਂ ਨੂੰ ਇਕੱਤਰ ਕਰਕੇ ਸਭ ਨੂੰ ਮੋਤੀਆਂ ਵਾਂਗ ਸਭ ਨੂੰ ਇੱਕ ਧਾਗੇ 'ਚ ਪਰੋਣ ਦਾ ਮਹਾਨ ਕਾਰਜ ਕੀਤਾ ਹੈ।

# ਸੇਵੀਅਰ ਕਲੱਬ ( ਰਜਿ ) ਅਤੇ ਸੁੱਭਕਰਮਨ ਫਾਊਂਡੇਸ਼ਨ ਨੇ ਸਫਾਈ ਮੁਹਿੰਮ ਵਿੱਚ ਕੀਤੀ ਸ਼ਮੂਲੀਅਤ



**ਪਟਿਆਲਾ, 22 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸੇਵੀਅਰ ਕਲੱਬ (ਰਜਿ.) ਪਟਿਆਲਾ ਵੱਲੋਂ ਨਾਭਾ ਰੋਡ ਸਥਿਤ ਅਬਲੋਵਾਲ ਪੁਲੀ ਤੋਂ ਨਹਿਰ ਤੱਕ ਜਾਂਦੇ ਰਜਵਾਹੇ 'ਤੇ ਸਫਾਈ ਅਭਿਆਨ ਚਲਾਇਆ ਗਿਆ। ਇਸ ਮੁਹਿੰਮ ਦੌਰਾਨ ਸੁੱਭਕਰਮਨ ਫਾਊਂਡੇਸ਼ਨ ਨੇ ਵੀ ਪੂਰਾ ਸਹਿਯੋਗ ਦਿੱਤਾ। ਦੋਵਾਂ ਸੰਸਥਾਵਾਂ ਨੇ ਮਿਲ ਕੇ ਇਲਾਕੇ ਦੀ ਸਫਾਈ ਕੀਤੀ। ਅਭਿਆਨ ਦੌਰਾਨ ਟੀਮ ਵੱਲੋਂ ਪਲਾਸਟਿਕ ਦੇ ਲਿਫਾਫੇ, ਪਲਾਸਟਿਕ ਕਚਰਾ ਅਤੇ ਹੋਰ ਗੰਦਗੀ ਇਕੱਠੀ ਕਰਕੇ ਹਟਾਈ ਗਈ।ਇਹ ਮੁਹਿੰਮ ਲਗਭਗ ਦੋ ਘੰਟਿਆਂ ਤੱਕ ਜਾਰੀ ਰਹੀ। ਆਯੋਜਕਾਂ ਨੇ ਦੱਸਿਆ ਕਿ ਸ਼ੁਰੂਆਤੀ ਸਫਾਈ ਤੋਂ ਬਾਅਦ ਮਿੱਟੀ ਨੂੰ ਪੱਧਰ ਕਰਕੇ ਇਸ ਸਥਾਨ ਨੂੰ ਲੋਕਾਂ ਲਈ ਸੈਰਗਾਹ ਵਜੋਂ ਵਿਕਸਿਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਮੌਕੇ ਸੇਵਾ ਮੁਕਤ ਅਸਿਸਟੈਂਟ ਡਾਇਰੈਕਟਰ ਦੇਵਿੰਦਰ ਜੈਨ, ਐਮ.ਸੀ. ਸੁਖਬੀਰ ਸਿੰਘ ਅਬਲੋਵਾਲ, ਪ੍ਰੇਮ ਸਿੰਘ, ਰਾਜਕੁਮਾਰ ਆਦਿ ਹਾਜ਼ਰ ਸਨ। ਸੇਵੀਅਰ ਕਲੱਬ (ਰਜਿ.) ਵੱਲੋਂ ਪ੍ਰਧਾਨ ਪਵਨ ਗਰਗ, ਚਮਨ ਸ਼ਰਮਾ, ਰਾਜ ਸਿੰਘ, ਡਾ. ਹਰਜਿੰਦਰਜੀਤ ਸਿੰਘ ਨੇ ਭਾਗ ਲਿਆ। ਸੁੱਭਕਰਮਨ ਫਾਊਂਡੇਸ਼ਨ ਵੱਲੋਂ ਪ੍ਰਧਾਨ ਗੁਰਪ੍ਰੀਤ ਕੌਰ, ਹਰਸਿਮਰ ਕੌਰ, ਅਰਸ਼ਪ੍ਰੀਤ ਕੌਰ, ਅੰਜਲੀ, ਹਰਵਿੰਦਰ ਕੌਰ, ਕਮਲੇਸ਼, ਰਾਧਿਕਾ, ਅਮਨ ਸਮੇਤ ਹੋਰ ਵਲੰਟੀਅਰਾਂ ਨੇ ਸਰਗਰਮ ਹਿੱਸਾ ਲਿਆ।ਅੰਤ ਵਿੱਚ ਸੇਵੀਅਰ ਕਲੱਬ ਦੇ ਅਹੁੱਦੇਦਾਰਾਂ ਨੇ ਸੁੱਭਕਰਮਨ ਫਾਊਂਡੇਸ਼ਨ ਦੀ ਪ੍ਰਧਾਨ ਗੁਰਪ੍ਰੀਤ ਕੌਰ ਦਾ ਇਸ ਸਫਾਈ ਅਭਿਆਨ ਵਿੱਚ ਸਹਿਯੋਗ ਲਈ ਧੰਨਵਾਦ ਕੀਤਾ।


ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


Vehicle360
Professional Car Repairs & Servicing
West Bromwich
CAR SERVICES – ALL MAKES & MODELS
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
FREE VEHICLE HEALTH CHECK
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV

### ਖੇਤੀਬਾੜੀ ਵਪਾਰਕ ਸਮਝੌਤੇ ਦੇ ਵਿਰੋਧ ਵਿੱਚ ਸੰਯੁਕਤ ਕਿਸਾਨ ਮੋਰਚੇ ਨੇ ਹਲਕਾ ਵਿਧਾਇਕਾ ਤਲਵੰਡੀ ਸਾਬੋ ਦੇ

# ਦਫ਼ਤਰ ਮੂਹਰੇ ਲਾਇਆ ਇੱਕ ਰੋਜ਼ਾ ਧਰਨਾ





ਤਲਵੰਡੀ ਸਾਬੋ, 22 ਫਰਵਰੀ (ਗੁਰਜੰਟ ਸਿੰਘ ਨਥੇ ਹਾ)- ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ’ਤੇ ਟਰੰਪ ਅਤੇ ਨਰਿੰਦਰ ਮੋਦੀ ਵੱਲੋਂ ਖੇਤੀਬਾੜੀ ਵਪਾਰਕ ਸਮਝੌਤੇ ਦੇ ਵਿਰੋਧ ਵਿੱਚ ਆਮ ਆਦਮੀ ਪਾਰਟੀ ਦੇ ਕੈਬਨਿਟ ਵਿੱਪ ਪ੍ਰੋ. ਬਲਜਿੰਦਰ ਕੌਰ ਦੇ ਤਲਵੰਡੀ ਸਾਬੋ ਵਿਖੇ ਦਫ਼ਤਰ ਦੇ ਸਾਹਮਣੇ ਇਕ ਰੋਜ਼ਾ ਧਰਨਾ ਦਿੱਤਾ ਗਿਆ, ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਵਿਸ਼ੇਸ਼ ਤੌਰ ’ਤੇ ਹਾਜਰ ਹੋਏ। ਇਸ ਮੌਕੇ ਆਗੂਆਂ ਨੇ ਕਿਹਾ ਕਿ ਪੰਜਾਬ ਦਾ ਕਿਸਾਨ, ਮਜ਼ਦੂਰ ਪਹਿਲਾਂ ਹੀ ਹਰੀਕ੍ਰਾਂਤੀ ਨੇ ਪੀੜ ਕੇ ਰੱਖ ਦਿੱਤਾ ਹੈ, ਇਸ ਹਰੀਕ੍ਰਾਂਤੀ ਨੇ ਪੰਜਾਬ ਨੂੰ ਬਰਬਾਦੀ ਤੋਂ ਇਲਾਵਾ ਕੱਖ ਨਹੀ ਦਿੱਤਾ, ਹੁਣ ਇੱਕ ਵਾਰ ਫਿਰ ਨਰਿੰਦਰ ਮੋਦੀ ਨੇ ਖੇਤੀਬਾੜੀ ਨੀਤੀ ਅਮਰੀਕਾ ਨੂੰ ਵੇਚ ਦਿੱਤੀ ਹੈ, ਇਸ ਨੀਤੀ ਨਾਲ ਪੰਜਾਬ ਅਤੇ ਭਾਰਤ ਦਾ ਖੇਤੀਬਾੜੀ ਧੰਦਾ ਬਿਲਕੁਲ ਬਰਬਾਦ ਹੋ ਜਾਵੇਗਾ। ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਭਾਰਤ ਦੀ ਪੂਰੀ ਅਨਾਜ ਮੰਡੀ ਅਮਰੀਕਾ ਦੇ ਹਵਾਲੇ ਕਰ ਦਿੱਤੀ ਹੈ, ਅਮਰੀਕਾ ਦਾ ਅਨਾਜ ਭਾਰਤ ਦੀ ਅਨਾਜ ਮੰਡੀ ਵਿੱਚ ਬਿਨਾਂ ਟੈਕਸ ਤੋਂ ਵਿਕੇਗਾ ਜਦਕਿ ਭਾਰਤ ਦੇ ਅਨਾਜ ਤੇ ਅਮਰੀਕਾ 18% ਟੈਕਸ ਲੱਗੇਗਾ। ਇਸ ਦੇ ਨਾਲ ਪੰਜਾਬ ਰਾਜ਼ ਬਿਜਲੀ ਬੋਰਡ ਨੂੰ ਵੀ ਕੇਂਦਰ ਸਰਕਾਰ ਆਪਣੇ ਕਬਜ਼ੇ ਵਿੱਚ ਲੈਣਾ ਚਾਹੁੰਦੀ ਹੈ, ਇਹ ਲੋਕ ਮਾਰੂ ਸਮਝੌਤੇ ਕਿਸੇ ਵੀ ਕੀਮਤ ਤੇ ਲਾਗੂ ਨਹੀਂ ਹੋਣ ਦਿੱਤੇ ਜਾਣਗੇ। ਇਸ ਸਮੇਂ ਜਿਉਂਦ ਪਿੰਡ ਪੰਜਾਬ ਸਰਕਾਰ ਦੀ ਸ਼ਿਹ ਤੇ ਵਿੱਚ ਐਸਐਸਪੀ ਬਠਿੰਡਾ ਜੋਤੀ ਯਾਦਵ ਵੱਲੋਂ ਕਿਸਾਨਾਂ ’ਤੇ ਕੀਤੀ ਬਰਬਾਰਤਾ ਦੀ ਆਲੋਚਨਾ ਕੀਤੀ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਬਠਿੰਡਾ ਦੇ ਜਰਨਲ ਸਕੱਤਰ ਹਰਜਿੰਦਰ ਸਿੰਘ ਬੱਗੀ ਤੇ ਜ਼ਿਲ੍ਹਾ ਆਗੂ ਜਗਦੇਵ ਜੋਗੇਵਾਲਾ, ਜਮੂਹਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਖਮੰਦਰ ਸਿੰਘ ਧਾਲੀਵਾਲ, ਬੀਕੇਯੂ ਡਕੌਂਦਾ ਬੁਰਜ਼ ਗਿੱਲ ਦੇ ਜ਼ਿਲ੍ਹਾ ਪ੍ਰਧਾਨ ਰਾਜਮਹਿੰਦਰ ਸਿੰਘ ਕੋਟਭਾਰਾ, ਬੀਕੇਯੂ ਡਕੌਂਦਾ ਧਨੇਰ ਦੇ ਜਿਲਾ ਪ੍ਰਧਾਨ ਹਰਵਿੰਦਰ ਸਿੰਘ, ਟੀਐਸਯੂ ਦੇ ਸੂਬਾ ਮੀਤ ਪ੍ਰਧਾਨ ਚੰਦਰ ਸ਼ਰਮਾ, ਠੇਕਾ ਕੋਆਰਡੀਨੇਟਰ ਦੇ ਰਜੇਸ ਕੁਮਾਰ, ਕੁਲ ਹਿੰਦ ਕਿਸਾਨ ਸਭਾ ਦੇ ਰਾਜੂ ਔਲਖ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਸੁਖਦੇਵ ਸਿੰਘ, ਬੀਕੇਯੂ ਮਾਲਵਾ ਦੇ ਸੂਬਾ ਆਗੂ ਜਗਜੀਤ ਸਿੰਘ ਕੋਟਸ਼ਮੀਰ, ਬੀਕੇਯੂ ਉਗਰਾਹਾਂ ਬਲਾਕ ਮੌੜ ਦੇ ਜਰਨਲ ਸਕੱਤਰ ਗੁਰਮੇਲ ਸਿੰਘ ਭੂੰਦੜ, ਜਮੂਹਰੀ ਕਿਸਾਨ ਸਭਾ ਬਲਾਕ ਮੌੜ ਦੇ ਆਗੂ ਜਗਜੀਤ ਸਿੰਘ ਘੁੰਮਣ ਕਲਾਂ, ਬਲਾਕ ਤਲਵੰਡੀ ਸਾਬੋ ਦੇ ਜਰਨਲ ਸਕੱਤਰ ਹਰਪ੍ਰੀਤ ਸਿੰਘ ਚੱਠੇਵਾਲਾ, ਰਣਜੋਧ ਸਿੰਘ ਮਾਹੀਨੰਗਲ ਅਤੇ ਗੁਰਜੀਤ ਸਿੰਘ ਬੰਗੇਹਰ ਹਾਜ਼ਰ ਸਨ।

### ਪਿੰਡ ਹਵਾਰਾ ਕਲਾਂ ਵਿਖ਼ੇ ‘‘ਇਤਹਾਸ ਬੱਬਰ ਖ਼ਾਲਸਾ’’

# ਭਾਗ ਤੀਜਾ ਅਤੇ ਚੌਥਾ ਕੀਤਾ ਗਿਆ ਲੋਕ ਅਰਪਣ



ਨਵੀਂ ਦਿੱਲੀ 22 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):– ਬੀਤੇ ਦਿਨੀਂ ਬੰਦੀ ਸਿੰਘਾਂ ਦੀ ਰਿਹਾਈ ਲਈ ਪਿੰਡ ਹਵਾਰਾ ਕਲਾਂ ਜ਼ਿਲਾ ਫਤਹਿਗੜ ਸਾਹਿਬ ਵਿਖੇ ਹੋਏ ਚੜਦੀ ਕਲਾ ਨਾਲ ਪੰਥਕ ਸਮਾਗਮ ਵਿੱਚ ਪੰਥ ਦੇ ਮਹਾਨ ਵਿਦਵਾਨ ਮਹਾਨ ਲੇਖਕ ਭਾਈ ਕਰਮਜੀਤ ਸਿੰਘਾ ਸਿੱਖਾਵਾਲਾ ਜਰਮਨ ਦੀ ਲਿਖੀ ਕਿਤਾਬ “ਇਤਹਾਸ ਬੱਬਰ ਖ਼ਾਲਸਾ“ ਦਾ ਤੀਜਾ ਅਤੇ ਚੌਥਾ ਭਾਗ ਲੋਕ ਅਰਪਣ ਕੀਤਾ ਗਿਆ ।ਜਲਾਵਤਨੀ ਆਗੂ ਭਾਈ ਰੇਸ਼ਮ ਸਿੰਘ ਬੱਬਰ ਵਲੋਂ ਭੇਜੀ ਗਈ ਜਾਣਕਾਰੀ ਮੁਤਾਬਿਕ ਕਿਤਾਬ ਰਲੀਜ ਕਰਨ ਵਾਲੇ ਪੰਥਕ ਆਗੂ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਸਰਦਾਰ ਸਿਮਰਨਜੀਤ ਸਿੰਘ ਮਾਨ, ਸੁਤੰਤਰ ਅਕਾਲੀ ਦੱਲ ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਸਹੌਲੀ, ਪ੍ਰੋਫੈਸਰ ਅਮਰਪ੍ਰੀਤ ਸਿੰਘ ਪਜਕੋਹਾ, ਸਰਦਾਰ ਜਸਵੰਤ ਸਿੰਘ ਸਿੱਧੂਪੁਰ, ਸਰਦਾਰ ਸਿਮਰਨਜੀਤ ਸਿੰਘ ਮਾਨ ਦੇ ਪੀ ਏ ਸਰਦਾਰ ਗੁਰਜੰਟ ਸਿੰਘ ਕੱਟੂ ਸਮੇਤ ਹੋਰ ਆਗੂ ਸ਼ਾਮਲ ਹਨ । ਉਨ੍ਹਾਂ ਕਿਹਾ ਇਸ ਕਿਤਾਬ ਵਿੱਚ ਮੌਜੂਦਾ ਪੰਥਕ ਸੰਘਰਸ਼ ਵਿੱਚ ਬੱਬਰ ਖ਼ਾਲਸਾ ਵੱਲੋਂ ਨਿਭਾਏ ਗਏ ਰੋਲ ਦੀ ਭਰਭੂਰ ਜਾਣਕਾਰੀ ਦਿੱਤੀ ਗਈ ਹੈ । ਹਰ ਸਿੱਖ ਨੂੰ ਇਹ ਕਿਤਾਬ ਪੜਨੀ ਚਾਹੀਦੀ ਹੈ ਤਾਂ ਕਿ ਸਾਨੂੰ ਪਤਾ ਲੱਗ ਸਕੇ ਸਰਕਾਰੀ ਜਬਰ ਦੇ ਵਿਰੁੱਧ ਬੱਬਰ ਖ਼ਾਲਸਾ ਦੇ ਯੋਧਿਆ ਨੇ ਕਿਵੇ ਹਿੱਕਾ ਡਾਹ ਕੇ ਜੰਗਾਂ ਲੜੀਆਂ ਹਨ।

# ਆਪਣੇ ਪਿਤਾ ਦੀ ਯਾਦ ’ਚ ਬੇਟਿਆਂ ਨੇ ਲਗਾਇਆ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ




**ਤਲਵੰਡੀ ਸਾਬੋ, 22 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਨਜ਼ਦੀਕੀ ਪਿੰਡ ਜੋਗਾਨੰਦ ਵਿਖੇ ਸ੍. ਮਿੱਠੂ ਸਿੰਘ ਦੀ ਬਰਸੀ ਦੇ ਸਬੰਧ ਵਿੱਚ ਪਿੰਡ ਵਾਲੇ ਗੁਰਦੁਆਰਾ ਸਾਹਿਬ ਵਿਖੇ ਅੱਖਾਂ ਦਾ ਚੈੱਕ ਅਪ ਕੈਂਪ ਆਯੋਜਿਤ ਕੀਤਾ ਗਿਆ ਜਿਸ ਵਿੱਚ ਡਾਕਟਰ ਅਜੇ ਪਾਲ ਸਿੰਘ ਮੱਲ੍ਹੀ ਮਹਾਵੀਰ ਦਲ ਹਸਪਤਾਲ ਵਾਲੇ ਮੱਲ੍ਹੀ ਅੱਖਾਂ ਦਾ ਹਸਪਤਾਲ ਬਠਿੰਡਾ ਦੀ ਟੀਮ ਵੱਲੋਂ ਮਰੀਜ਼ਾਂ ਦਾ ਚੈੱਕ ਅਪ ਕੀਤਾ ਗਿਆ। ਇਸ ਚੈੱਕਅਪ ਕੈਂਪ ਮੌਕੇ ਡਾਕਟਰਾਂ ਦੀ ਟੀਮ ਵੱਲੋਂ 300 ਦੇ ਕਰੀਬ ਮਰੀਜ਼ ਦੇਖੇ ਗਏ ਜਿਨਾਂ ਨੂੰ 150 ਤੋਂ ਵੱਧ ਮੁਫ਼ਤ ਐਨਕਾਂ ਤਕਸੀਮ ਕੀਤੀਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾਕਟਰ ਚਰਨਜੀਤ ਸਿੰਘ ਨੇ ਦੱਸਿਆ ਕਿ ਤਕਰੀਬਨ 70 ਮਰੀਜ਼ ਚਿੱਟੇ ਮੋਤੀਏ ਵਾਲੇ ਚੈੱਕ ਕੀਤੇ ਗਏ ਉਹਨਾਂ ਨੂੰ ਸਲਾਹ ਦਿੱਤੀ ਗਈ ਕਿ 25 ਫਰਵਰੀ ਨੂੰ ਬਠਿੰਡਾ ਮੱਲੀ ਅੱਖਾਂ ਦੇ ਹਸਪਤਾਲ ਵਿਖੇ ਆਪਰੇਸ਼ਨ ਕੀਤੇ ਜਾਣਗੇ, ਉਥੇ ਪਹੁੰਚ ਕੇ ਅਪਰੇਸ਼ਨ ਕਰਵਾ ਸਕਦੇ ਹਨ। ਡਾਕਟਰ ਚਰਨਜੀਤ ਸਿੰਘ ਨੇ ਦੱਸਿਆ ਕਿ ਇਹ ਕੈਂਪ ਸ. ਮਿੱਠੂ ਸਿੰਘ ਦੀ ਯਾਦ ਨੂੰ ਤਾਜ਼ਾ ਕਰਦਿਆਂ ਉਹਨਾਂ ਦੇ ਬੇਟੇ ਸ. ਇਕਬਾਲ ਸਿੰਘ, ਸ. ਸਤਪਾਲ ਸਿੰਘ ਵੱਲੋਂ ਇਹ ਕੈਂਪ ਲਗਾਇਆ ਗਿਆ ਅਤੇ ਕੈਂਪ ਵਿੱਚ ਪਿੰਡ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਚਰਨਜੀਤ ਸਿੰਘ ਜੀ ਖਾਲਸਾ ਵੱਲੋਂ ਭਰਭੂਰ ਸਹਿਯੋਗ ਦਿੱਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਪ੍ਰਧਾਨ ਭਗਵਾਨ ਸਿੰਘ, ਮੈਂਬਰ ਗੁਰਸੇਵਕ ਸਿੰਘ, ਗੁਰਮੇਲ ਸਿੰਘ, ਸੁਖਦੇਵ ਸਿੰਘ, ਕੇਵਲ ਸਿੰਘ, ਰਛਪਾਲ ਸਿੰਘ ਅਤੇ ਰਾਜਵਿੰਦਰ ਸਿੰਘ ਨੇ ਹਾਜ਼ਰੀ ਭਰੀ।

# ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਜਬਰਦਸਤ ਰੋਸ ਪ੍ਰਦਰਸ਼ਨ



ਨਵੀਂ ਦਿੱਲੀ, 22 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):– ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਭਾਰਤ ਅਮਰੀਕਾ ਕਰ ਮੁਕਤ ਵਪਾਰ ਸਮਝੌਤੇ ਦੇ ਖਿਲਾਫ਼ ਤੇ ਹੋਰ ਕਿਸਾਨੀ ਮੰਗਾਂ ਨੂੰ ਲੈ ਕੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਅੱਗੇ ਕਿਸਾਨਾਂ ਨੇ ਵਿਸ਼ਾਲ ਰੋਸ ਪ੍ਰਦਰਸ਼ਨ ਕਰਦਿਆਂ 11 ਵਜੇ ਤੋਂ 3 ਵਜੇ ਤੱਕ ਰੋਸ਼ ਧਰਨਾ ਦਿੱਤਾ ਅਤੇ ਮੰਗ ਕੀਤੀ ਕਿ ਭਾਰਤ ਅਮਰੀਕਾ ਕਰ ਮੁਕਤ ਵਪਾਰ ਸਮਝੌਤਾ ਰੱਦ ਕੀਤਾ ਜਾਵੇ, ਬਿਜਲੀ ਬਿੱਲ ਤੇ ਬੀਜ ਬਿਲ 2025 ਅਤੇ ਲੇਬਰ ਕੋਡ ਰੱਦ ਕੀਤੇ ਜਾਣ, ਨਰੇਗਾ ਨੂੰ ਬਹਾਲ ਕੀਤਾ ਜਾਵੇ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਬੀਕੇਯੂ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਬੀਕੇਯੂ ਡਕੌਂਦਾ ਬੁਰਜਗਿੱਲ ਦੇ ਸੂਬਾ ਮੀਤ ਪ੍ਰਧਾਨ ਗੁਰਮੀਤ ਭੱਟੀਵਾਲ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਮੇਜਰ ਸਿੰਘ ਪੁੰਨਾਂਵਾਲ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਉੱਦਮ ਸਿੰਘ ਸੰਤੋਖਪੁਰਾ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਸੂਬਾ ਆਗੂ ਬਲਦੇਵ ਸਿੰਘ ਨਿਹਾਲਗੜ੍ਹ, ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਆਗੂ ਕੁਲਵਿੰਦਰ ਸਿੰਘ ਮਾਝਾ, ਬੀਕੇਯੂ ਡਕੌਂਦਾ ਧਨੇਰ ਦੇ ਜ਼ਿਲ੍ਹਾ ਸਕੱਤਰ ਜਗਤਾਰ ਸਿੰਘ ਦੁੱਗਾਂ ਨੇ ਦੱਸਿਆ ਕਿ ਮੋਦੀ ਸਰਕਾਰ ਨੇ ਅਮਰੀਕਾ ਨਾਲ ਕਰ ਮੁਕਤ ਵਪਾਰ ਸਮਝੌਤਾ ਕਰਕੇ ਦੇਸ਼ ਦੀ ਪ੍ਰਭੂਸੱਤਾ ਨੂੰ, ਅਤੇ ਕਿਸਾਨਾਂ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਦਾਅ ਤੇ ਲਗਾ ਦਿੱਤਾ। ਜੇਕਰ ਮੋਦੀ ਸਰਕਾਰ ਇਸ ਸਮਝੌਤੇ ਨੂੰ ਵਾਪਸ ਨਹੀਂ ਲੈਂਦੀ ਤਾਂ ਇਸ ਸੰਘਰਸ਼ ਨੂੰ ਹੋਰ ਵਿਸ਼ਾਲ ਕੀਤਾ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ 10 ਮਾਰਚ ਨੂੰ ਬਰਨਾਲਾ ਵਿਖੇ ਮਹਾਂ ਪੰਚਾਇਤ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਰੋਸ ਧਰਨੇ ਵਿੱਚ ਸਟੇਜ ਸਕੱਤਰ ਦੀ ਭੂਮਿਕਾ ਜਗਮੋਹਨ ਸਿੰਘ ਪਟਿਆਲਾ ਨੇ ਨਿਭਾਈ ਅਤੇ ਇਹਨਾਂ ਤੋਂ ਬਿਨਾਂ ਜਰਨੈਲ ਸਿੰਘ ਜਹਾਂਗੀਰ, ਜਗਤਾਰ ਸਿੰਘ ਲੱਡੀ, ਇੰਦਰਪਾਲ ਸਿੰਘ ਪੁੰਨਾਵਾਲ, ਲਾਭ ਸਿੰਘ ਨਮੋਲ, ਰਣਜੀਤ ਸਿੰਘ ਲੌਂਗੋਵਾਲ, ਦਰਸ਼ਨ ਸਿੰਘ ਕੂੰਨਰਾਂ, ਨਾਜਮ ਸਿੰਘ ਪੁੰਨਾਂਵਾਲ, ਮਨਜਿੰਦਰ ਸਿੰਘ ਘਾਬਦਾਂ ਰੋਹੀ ਸਿੰਘ ਮੰਗਵਾਲ, ਨਿਰਮਲ ਸਿੰਘ ਬਟੜਿਆਣਾ ਨੇ ਵੀ ਸੰਬੋਧਨ ਕੀਤਾ।

### ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਸਮਰਪਿਤ ਮੁਸਤਫਾਪੁਰ ਗੁਰਦਾਸਪੁਰ ਵਿਖੇ ਕੀਰਤਨ ਦਰਬਾਰ ਗੁਰਮਤਿ ਸਮਾਗਮ 'ਚ

# ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਲਵਾਈ : ਜਥੇਦਾਰ , ਬਲਦੇਵ ਸਿੰਘ ਮੁਸਤਫ਼ਾ ਪੁਰ





**ਜੰਡਿਆਲਾ ਗੁਰੂ 22 ਫਰਵਰੀ ( ਕੁਲਵੰਤ ਸਿੰਘ ਵਿਰਦੀ )** ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਸਮਰਪਿਤ ਪਿੰਡ ਮੁਸਤਫ਼ਾ ਪੁਰ ਗੁਰਦਾਸਪੁਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ,ਸਥਾਨਕ ਸੰਗਤਾਂ ਤੋਂ ਇਲਾਵਾ ਨਾਨਕ ਨਾਮ ਲੇਵਾ ਸੰਗਤਾਂ ਦੇ ਸੰਯੋਗ ਅਤੇ ਜਥੇਦਾਰ ਬਾਬਾ ਬਲਦੇਵ ਸਿੰਘ ਮੁਸਤਫਾ ਪੁਰ ਦੀ ਦੇਖ ਰੇਖ ਹੇਠ ਕਰਵਾਏ ਗਏ ਸ਼ਹੀਦੀ ਦਿਹਾੜੇ ਤੇ ਕੀਰਤਨ ਦਰਬਾਰ 'ਚ ਵੱਖ ਵੱਖ ਧਾਰਮਿਕ ਸਿਆਸੀ ਅਤੇ ਸਮਾਜਿਕ ਆਗੂਆਂ ਤੋਂ ਇਲਾਵਾ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਲਵਾਈ ਅਤੇ ਆਪਣੇ ਮਨੁੱਖੀ ਜੀਵਨ ਨੂੰ ਸਫਲ ਬਣਾਇਆ,ਨਗਰ ਕੀਰਤਨ ਸਜਾਇਆ ਗਿਆ ਤੇ ਗਤਕਾ ਬਾਜ਼ੀ ਦੇ ਮੁਕਾਬਲੇ ਵੀ ਕਰਵਾਏ ਗਏ ਤੇ ਗੁਰੂ ਕੇ ਲੰਗਰ ਦੇਗਾਂ ਸਰਦਾਈਆ ਅਤੁੱਟ ਵਰਤਾਏ ਗਏ,ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸਮਾਗਮ ਦੀਆਂ ਹਾਜ਼ਰੀਆਂ ਭਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ, ਉਹਨਾਂ ਭਾਈ ਖਾਲਸਾ ਨੇ ਦੱਸਿਆ ਸ਼ਹੀਦੀ ਦਿਹਾੜੇ ਗੁਰਮਤਿ ਸਮਾਗਮ ਸਬੰਧੀ ਪਰਸੋਂ ਦੇ ਰੋਜ਼ ਤੋਂ ਗੁਰਬਾਣੀ ਦੇ ਅਖੰਡਪਾਠ ਆਰੰਭ ਕੀਤੇ ਗਏ ਸਨ ਜਿਨ੍ਹਾਂ ਦੇ ਅਜ ਸੰਪੂਰਨ ਭੋਗ, ਅਰਦਾਸ ਅਤੇ ਪਾਵਨ ਪਵਿੱਤਰ ਹੁਕਮਨਾਮੇ ਤੋਂ ਉਪਰੰਤ ਧਾਰਮਿਕ ਦੀਵਾਨ ਦੀ ਅਰੰਭਤਾ ਹੋਈ ਜਿਸ ਵਿੱਚ ਵੱਖ ਵੱਖ ਸਥਾਨਾਂ ਤੋਂ ਪਹੁੰਚੇ ਰਾਗੀ ਢਾਡੀ ਕਵੀਸ਼ਰ ਪ੍ਰਚਾਰਕਾਂ ਤੋਂ ਇਲਾਵਾ ਧਾਰਮਿਕ ਖੇਤਰ ਵਿੱਚ ਸਰਗਰਮ ਸੰਤਾਂ ਮਹਾਪੁਰਸ਼ਾਂ ਨੇ ਹਾਜ਼ਰੀ ਲਵਾਈ ਅਤੇ ਨਨਕਾਣਾ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ ਉਨ੍ਹਾਂ ਦੇ ਜੀਵਨ ਇਤਿਹਾਸ ਤੇ ਸ਼ਹਾਦਤਾਂ ਸਬੰਧੀ ਆਈ ਸੰਗਤ ਨੂੰ ਵਿਸਥਾਰ ਨਾਲ ਚਾਨਣਾ ਪਾਇਆ, ਭਾਈ ਖਾਲਸਾ ਨੇ ਦੱਸਿਆ ਸਮਾਗਮ ਵਿੱਚ ਅਕਾਲੀ ਦਲ ਦੇ ਸਾਬਕਾ ਕੈਬਨਿਟ ਮੰਤਰੀ ਸ੍ਰ ਗੁਲਜ਼ਾਰ ਸਿੰਘ ਰਣੀਕੇ,ਦਸਮੇਸ਼ ਤਰਨਦਲ ਦੇ ਮੁਖੀ ਜਥੇਦਾਰ ਬਾਬਾ ਮੇਜ਼ਰ ਸਿੰਘ ਸੋਢੀ ਮੁਖੀ ਦਸਮੇਸ਼ ਤਰਨਦਲ,ਜਥੇਦਾਰ ਬਾਬਾ ਬਲਦੇਵ ਸਿੰਘ ਵੱਲਾ ਮੁਖੀ ਸਹੀਦ ਬਾਬਾ ਜੀਵਨ ਸਿੰਘ ਮਾਝਾ ਤਰਨਾਦਲ ਮਾਲਵਾ ਤਰਨਦਲ ਬਾਬਾ ਸੰਗਤ ਸਿੰਘ ਦੇ ਮੁਖੀ ਜਥੇਦਾਰ ਬਾਬਾ ਸੁਖਪਾਲ ਸਿੰਘ ਫੂਲ ਬਠਿੰਡਾ, ਜਥੇਦਾਰ ਬਾਬਾ ਬਲਵਿੰਦਰ ਮਹਿਤਾ ਚੌਂਕ ਵਾਲੇ,ਭਾਈ ਹਰਜਿੰਦਰ ਸਿੰਘ ਮੁਕਤਸਰ ਸਾਹਿਬ ਤਰਨਾਦਲ,ਐਸ ਪੀ ਜਸਕਰਨ ਸਿੰਘ, ਭਾਈ ਵਿਰਸਾ ਸਿੰਘ ਖਾਲਸਾ ਪ੍ਰਧਾਨ ਏ ਆਈ ਐਸ ਐਸ ਐਫ ਖਾਲਸਾ, ਭਾਈ ਸੁਖਦੇਵ ਸਿੰਘ ਜਗਰਾਉਂ, ਬਾਬਾ ਨਰਿੰਦਰ ਸਿੰਘ, ਬਾਬਾ ਗੁਰਦਿੱਤ ਸਿੰਘ ਤੋਂ ਇਲਾਵਾ ਕਈ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਵੀ ਹਾਜ਼ਰੀ ਲਵਾਈ ਤੇ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ,ਭਾਈ ਖਾਲਸਾ ਨੇ ਦੱਸਿਆ ਦੀਵਾਨ ਸਮਾਪਤੀ ਤੋਂ ਬਾਅਦ ਗਤਕਾ ਬਾਜ਼ੀ ਦੇ ਮੁਕਾਬਲੇ ਕਰਵਾਏ ਗਏ ਅਤੇ ਜੇਤੂਆਂ ਨੂੰ ਇਨਾਮ ਵੰਡੇ ਗਏ, ਇਸ ਮੌਕੇ ਤੇ ਸਮੂਹ ਧਾਰਮਿਕ ਬੁਲਾਰਿਆਂ ਤੇ ਹੋਰ ਸਨਮਾਨ ਯੋਗ ਪੰਥਕ, ਸਿਆਸੀ, ਸਮਾਜਿਕ ਤੇ ਹੋਰਾਂ ਦਾ ਮੁੱਖ ਪ੍ਰਬੰਧਕ ਜਥੇਦਾਰ ਬਾਬਾ ਬਲਦੇਵ ਸਿੰਘ ਮੁਸਤਫ਼ਾ ਪੁਰ ਵੱਲੋਂ ਸਨਮਾਨ ਕੀਤਾ ਗਿਆ ਅਤੇ ਗੁਰੂ ਕੇ ਲੰਗਰ ਦੇਗਾਂ ਸਰਦਾਰੀਆਂ ਅਤੁੱਟ ਵਰਤਾਏ ਗਏ, ਇਸ ਮੌਕੇ ਤੇ ਬੋਲਦਿਆਂ ਮੁਖ ਪ੍ਰਬੰਧਕ ਸਿੰਘ ਸਾਹਿਬ ਜਥੇਦਾਰ ਬਾਬਾ ਬਲਦੇਵ ਸਿੰਘ ਮੁਸਤਫਪੁਰ ਵੱਲੋਂ ਆਈ ਸੰਗਤ ਦਾ ਧੰਨਵਾਦ ਕੀਤਾ ਗਿਆ।

### ਗਿਆਨੀ ਰਘਬੀਰ ਸਿੰਘ ਜੀ, ਤੁਹਾਡੇ ਪਰਿਵਾਰ ਦਾ ਪਾਲਣ ਪੋਸ਼ਨ ਪੰਥ ਕਰੇ 'ਤੇ ਤੁਸੀਂ ਚਾਕਰੀ ਕਰੋ ਆਰਐਸਐਸ ਤੇ ਬੀਜੇਪੀ ਦੀ- ਸਰਨਾ

# ਗਿਆਨੀ ਜੀ ਸ਼੍ਰੋਮਣੀ ਕਮੇਟੀ ਵਿਰੁੱਧ ਦੋਸ਼ਾਂ ਦਾ ਪਿਟਾਰਾ ਖੋਲ੍ਹ, ਆਰਐਸਐਸ ਦੀ ਗੋਦ 'ਚ ਪਹੁੰਚੇ ਦਿੱਲੀ



**ਨਵੀਂ ਦਿੱਲੀ, 22 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੂੰ ਪੰਥ ਦੀ ਕਚਹਿਰੀ ਵਿਚ ਪੇਸ਼ ਕਰਦਿਆ ਕਿਹਾ ਕਿ ਵਾਹ ਜੀ ਵਾਹ ਗਿਆਨੀ ਰਘਬੀਰ ਸਿੰਘ ਜੀ, ਤੁਹਾਡੇ ਪਰਿਵਾਰ ਦਾ ਪਾਲਣ ਪੋਸ਼ਨ ਪੰਥ ਕਰੇ 'ਤੇ ਤੁਸੀ ਆਰਐਸਐਸ ਤੇ ਬੀਜੇਪੀ ਦੀ ਚਾਕਰੀ ਕਰੋ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਿਚ ਪਾਠੀ ਭਰਤੀ ਹੋ ਕੇ ਜਿਸ ਸੰਸਥਾ ਵਿਚ ਤੁਸੀਂ ਸੇਵਾ ਕੀਤੀ ਉਸ ਸੰਸਥਾ ਨੇ ਤੁਹਾਨੂੰ ਪੰਥ ਵਿਚ ਮਾਨ ਸਨਮਾਨ ਦੀਦਆ ਸਿੱਖ ਪੰਥ ਦੀਆਂ ਉੱਚੀਆਂ ਤੇ ਸੁੱਚੀਆਂ ਸੇਵਾਵਾਂ ਦਿੰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਪੰਜ ਪਿਆਰਿਆਂ ਵਿਚ ਸੇਵਾ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗੰਥੀ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੋਂ ਬਾਅਦ ਅਹਿਮ ਸੇਵਾਵਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀਆਂ ਸੇਵਾਵਾਂ ਵੀ ਸ਼੍ਰੋਮਣੀ ਕਮੇਟੀ ਨੇ ਆਪਣੇ ਪ੍ਰਬੰਧ ਵਿਚ ਸੌਂਪੀਆਂ ਸਨ। ਇਨ੍ਹਾਂ ਸੇਵਾਵਾਂ ਨੂੰ ਤਨ ਦੇਹੀ ਨਾਲ ਨਾ ਨਿਭਾ ਕੇ ਨਾ ਤਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗੰਥੀ ਵੱਲੋਂ ਨਿਭਾਈਆਂ ਜਾਂਦੀਆਂ ਡਿਊਟੀਆਂ 'ਤੇ ਕਦੀ ਬਿਰਾਜਮਾਨ ਹੋਏ ਅਤੇ ਨਾ ਹੀ ਸਿੱਖ ਪੰਥ ਨਾਲ ਅਹਿਮ ਜੁੜੇ ਮਾਮਾਲੇ ਦੇ ਫੈਂਸਲੇ ਨੂੰ 2 ਦਸੰਬਰ 2024 ਵਾਲੇ ਦਿਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹੁੰਦਿਆ ਕਰ ਸਕੇ। ਇਹ ਫੈਂਸਲਾ ਕਰਨ ਦੇ ਅਧਿਕਾਰ ਆਰਐਸਐਸ ਤੇ ਬੀਜੇਪੀ ਦੇ ਕਰਿੰਦੇ ਬਣ ਚੁੱਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਦੇ ਕੇ ਪੰਥ ਨੂੰ ਖੇਰੂੰ-ਖੇਰੂੰ ਕਰਨ ਦੇ ਨਾਲ ਨਾਲ ਸਾਰਿਆਂ ਨੂੰ ਇਕ ਕਰਨ ਦੀ ਥਾਂ 100 ਸਾਲ ਪੁਰਾਤਨ ਸੰਸਥਾ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਭੰਗ ਅਤੇ ਖਤਮ ਕਰਨ ਦਾ ਯਤਨ ਕੀਤਾ ਗਿਆ, ਜਿਹੜੀ ਸੰਸਥਾ ਦਾ ਜਨਮ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਇਆ ਹੋਵੇ, ਉਸ ਸੰਸਥਾ ਨੂੰ ਗੁਰੂ ਸਾਹਿਬ ਨੇ ਆਪ ਵਰਤ ਕੇ ਬਚਾ ਲਿਆ ਅਤੇ ਸ਼੍ਰੋਮਣੀ ਅਕਾਲੀ ਦਲ ਪੰਜਾਬ ਅਤੇ ਦੇਸ਼ ਵਿਦੇਸ਼ ਦੇ ਲੋਕਾਂ ਵਿਚ ਮੁੱੜ ਉਭਰ ਚੁਕੀ ਹੈ। ਸਰਨਾ ਨੇ ਗਿਆਨੀ ਰਘਬੀਰ ਸਿੰਘ ਨੂੰ ਕਿਹਾ ਕਿ ਜਿਸ ਦੀ ਚੜ੍ਹਾਈ ਨਾ ਦੇਖਦੇ ਹੋਏ ਹੁਣ ਆਰਐਸਐਸ ਤੇ ਬੀਜੇਪੀ ਨੇ ਝੂਠ ਦਾ ਪੁਲੰਦਾ ਤੁਹਾਡੇ ਹੱਥ ਵਿਚ ਸੌਂਪ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ ਦਾ ਜੋ ਯਤਨ ਕੀਤਾ ਸੀ, ਉਸ ਵਿਚ ਤੁਸੀਂ ਤੇ ਤੁਹਾਡੀ ਚਹੇਤੀ ਆਰਐਸਐਸ ਤੇ ਬੀਜੇਪੀ ਨੂੰ ਮੂੰਹ ਦੀ ਖਾਣੀ ਪਈ ਹੈ। ਇਸ ਲਈ ਜਦੋਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਤੁਹਾਡੇ ਇਸ ਝੂਠ ਨੂੰ ਝੂਠ ਸਾਬਤ ਕਰਨ ਲਈ ਇਸ ਦੇ ਸਬੂਤ ਮੰਗੇ ਤਾਂ ਤੁਸੀਂ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਸ੍ਰੀ ਹਰਿਮੰਦਰ ਸਾਹਿਬ ਨੂੰ ਛੱਡ ਕੇ ਦਿੱਲੀ ਵਿਖੇ ਬਣਾਏ ਆਪਣੇ ਨਵੇਂ ਆਕਾਵਾਂ ਦੀ ਗੋਦ ਵਿਚ ਲੁੱਕਣ ਲਈ ਆ ਗਏ ਹੋ। ਗਿਆਨੀ ਜੀ ਸ਼੍ਰੋਮਣੀ ਕਮੇਟੀ ਵਿਰੁੱਧ ਦੋਸ਼ਾਂ ਦਾ ਪਿਟਾਰਾ ਖੋਲ੍ਹ ਕੇ ਆਰਐਸਐਸ ਤੇ ਬੀਜੇਪੀ ਦੀ ਗੋਦ 'ਚ ਦਿੱਲੀ ਪਹੁੰਚ ਗਏ ਹੋ। ਸਰਨਾ ਨੇ ਗਿਆਨੀ ਰਘਬੀਰ ਸਿੰਘ ਨੂੰ ਸਵਾਲ ਕੀਤਾ ਕਿ ਲਗਾਏ ਹੋਏ ਦੋਸ਼ਾਂ ਨੂੰ ਸਾਬਤ ਕਰਨ ਦੀ ਥਾਂ ਪੰਥ ਨੂੰ ਇਸ ਦਾ ਜਵਾਬ ਦੇ ਦਿਓ ਕਿ ਦਿੱਲੀ ਵਿਖੇ ਬਾਬਾ ਵਿਰਸਾ ਸਿੰਘ ਦੇ ਸਥਾਨ 'ਤੇ ਰਾਤ ਰਹਿ ਕੇ ਜਗ ਹਵਨ ਕਰਵਾਉਂਦੇ ਰਹੇ ਹੋ ਜਾਂ ਫਿਰ ਹਰਮੀਤ ਸਿੰਘ ਕਾਲਕਾ ਤੇ ਮਨਜਿੰਦਰ ਸਿੰਘ ਸਿਰਸਾ ਨਾਲ ਕਿਹੜੀਆਂ ਗੁੱਪਤ ਮੀਟਿੰਗਾਂ ਹੋਈਆਂ ਹਨ। ਜਾਂ ਫਿਰ ਇਨ੍ਹਾਂ ਪਾਸੋਂ ਆਪਣੀ ਇਨਾਮ ਦੀ ਰਾਸ਼ੀ ਤਾਂ ਲੈਣ ਲਈ ਤਾਂ ਨਹੀਂ ਪਹੁੰਚੇ, ਸਿੱਖ ਪੰਥ ਨੂੰ ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਵੀ ਤੁਹਾਨੂੰ ਦੇਣਾ ਪਵੇਗਾ।

# ਸਰਕਾਰ ਦੀ ਲੁਟੇਰਿਆਂ ਖਿਲਾਫ ਵਿੱਢੀ ਮੁਹਿੰਮ ਨੂੰ ਲੁਟੇਰਿਆਂ ਟਿਚ ਜਾਣਦਿਆਂ "ਲੁੱਟਖੋਹ ਕਰਨ ਲਈ ਪੱਤਰਕਾਰ" ਨੂੰ ਬਣਾਇਆ ਨਿਸ਼ਾਨਾ



**ਜੰਡਿਆਲਾ ਗੁਰੂ 21 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਬੀਤੇ ਕੁਝ ਦਿਨ ਪਹਿਲਾਂ ਪੱਤਰਕਾਰ ਸਤਿੰਦਰ ਸਿੰਘ ਅਠਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਮੈਂ 13 ਫਰਵਰੀ ਨੂੰ ਰਾਤ 9 ਤੋਂ 9:15 ਦੇ ਕਰੀਬ ਪਿੰਡ ਦਸ਼ਮੇਸ਼ ਨਗਰ ਤੋਂ ਗਹਿਰੀ ਮੰਡੀ ਨੂੰ ਆ ਰਿਹਾ ਸੀ ਆਪਣੇ ਨਿੱਜੀ ਪਿੰਡ ਜਾਣ ਲਈ ਕਿ ਰਸਤੇ ਵਿੱਚ ਦਸਮੇਸ਼ ਨਗਰ ਤੋਂ ਗਹਿਰੀ ਮੰਡੀ ਰੋਡ ਬ੍ਰਿਧ ਅਸਰਮ ਦੇ ਨੇੜੇ ਕੁਝ ਅਣਪਛਾਤੇ ਦੋ ਮੋਟਰਸਾਈਕਲ ਸਵਾਰ ਪਗੜੀਧਾਰੀ ਲੁਟੇਰਿਆਂ ਨੇ ਮੇਰਾ ਮੋਟਰਸਾਈਕਲ ਘੇਰ ਲਿਆ ਤੇ ਉਸ ਵਿੱਚੋਂ ਚਾਬੀ ਕੱਢ ਕੇ ਰੋਕ ਲਿਆ, 2.3 ਫੁੱਟ ਦੇ ਕਰੀਬ ਲੰਬਾ ਦਾਤਰ ਮੋਢੇ ਤੇ ਰੱਖ ਕੇ ਗੋਲੀ ਮਾਰ ਕੇ ਜਾਨੋ ਮਾਰਨ ਦੀ ਧਮਕੀ ਦਿੰਦੇ ਹੋਏ ਮੈਨੂੰ ਸਾਰਾ ਕੀਮਤੀ ਸਮਾਨ ਕੱਢਣ ਵਾਸਤੇ ਕਿਹਾ, ਮੈਂ ਆਪਣਾ ਪਰਸ ਕੱਢ ਕੇ ਉਹਨਾਂ ਨੂੰ ਦੇ ਦਿੱਤਾ ਤੇ ਇਹ ਕਿਹਾ ਕਿ ਮੇਰੇ ਕੋਲ ਬਸ ਇਹੋ ਕੁਝ ਹੈ ਮੇਰੇ ਪਰਸ ਵਿੱਚ ਕੁਝ ਜਰੂਰੀ ਕਾਗਜਾਤ ਅਤੇ 3500 ਸੋ ਰੁਪਏ ਨਗਦ ਸੀ, ਉਹਨਾਂ ਨੇ ਮੈਨੂੰ ਕਿਸੇ ਤਰ੍ਹਾਂ ਦੀ ਕੋਈ ਸੱਟ ਪੇਟ ਨਹੀਂ ਲਾਈ ਤੇ ਨਾਂ ਹੀ ਮੇਰਾ ਮੋਟਰਸਾਇਕਲ ਖੋਇਆ ਹੈ । ਮੈਂ ਇਸ ਦੀ ਸ਼ਿਕਾਇਤ ਸਬੰਧਿਤ ਥਾਣਾ ਜੰਡਿਆਲਾ ਗੁਰੂ ਨੂੰ ਦੇ ਦਿੱਤੀ ਸੀ। ਮੈਨੂੰ ਉਹਨਾਂ ਦੋ ਲੁਟੇਰਿਆਂ ਤੇ ਛੱਕ ਹੈ ਕਿ ਉਹ ਦੋ ਪੱਗੜੀਧਾਰੀ ਪਿੰਡ ਮਾਲੋਵਾਲ ਦੇ ਹੀ ਲੁਟੇਰੇ ਹਨ, ਜੋ ਹੋਰ ਕੁੱਝ ਸੂਤਰਾਂ ਤੋਂ ਪਤਾ ਲਗਾ ਹੈ ਕਿ ਦਸਮੇਸ ਨਗਰ ਰੋਡ ਤੇ ਦੋ ਸਰਦਾਰ ਲੁਟੇਰੇ ਹੀ ਲੁੱਟੇ ਦੇ ਹਨ । ਵਰਨਣਯੋਗ ਹੈ ਕਿ ਥਾਣਾ ਜੰਡਿਆਲਾ ਗੁਰੂ ਦੀ ਪੁਲਿਸ ਮੇਰੀ ਮਦਦ ਦੇ ਲਈ ਜਲਦੀ ਹੀ ਮੇਰੇ ਘਰ ਪਹੁੰਚ ਗਈ ਸੀ। ਉਹਨਾਂ ਨੇ ਮੈਨੂੰ ਵਿਸ਼ਵਾਸ ਦਵਾਇਆ ਹੈ ਕਿ ਅਣਪਛਾਤੇ ਲੁਟੇਰਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ ਤੇ ਤੁਹਾਡੇ ਪੈਸੇ ਵਾਪਸ ਦਿਵਾਏ ਜਾਣਗੇ । ਉਹਨਾਂ ਕਿਹਾ ਕਿ ਉਹਨਾਂ ਉੱਪਰ ਜੋ ਵੀ ਬਣਦੀ ਕਾਰਵਾਈ ਕੀਤੀ ਜਾਵੇਗੀ ।

# ਸਿਹਤ ਬੀਮਾ ਯੋਜਨਾ ਦੇ ਤਹਿਤ ਮੱਲ੍ਹੀਆਂ ਵਿਖੇ ਲਗਾਤਾਰ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਵੱਧ ਤੋਂ ਵੱਧ ਪਿੰਡ ਵਾਸੀ ਲਾਭ ਪ੍ਰਾਪਤ ਕਰਨ : ਬਲਬੀਰ ਸਿੰਘ ਜੰਡ



**ਜੰਡਿਆਲਾ ਗੁਰੂ, 22 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਆਮ ਆਦਮੀ ਪਾਰਟੀ ਦੀ ਜਦੋਂ ਦੀ ਸਰਕਾਰ ਬਣੀ ਹੈ ਉਦੋਂ ਤੋਂ ਹੀ ਵਿਕਾਸ ਕਾਰਜਾਂ ਦੇ ਪ੍ਰਤੀ ਕੀਤੇ ਵਾਅਦੇ ਪੂਰੇ ਕਰਨ ਵਿੱਚ ਯਤਨਸ਼ੀਲ ਹੋਈ ਹੈ।, ਜਿਸ ਦੇ ਤਹਿਤ ਹੁਣ ਭਾਰਤ ਸਰਕਾਰ ਦੀ ਸਕੀਮ ਤਹਿਤ ਪੰਜਾਬ ਸਰਕਾਰ ਵਲੋਂ ਸਿਹਤ ਬੀਮਾ ਯੋਜਨਾ ਨੂੰ ਸਫ਼ਲ ਬਣਾਉਂਦੇ ਹੋਏ ਮੁਫ਼ਤ ਇਲਾਜ ਲਈ ਹਰ ਪਿੰਡ ਵਿੱਚ ਦੱਸ ਲੱਖ ਦੀ ਰਕਮ ਦੇ ਕਾਰਡ ਬਣਾਏ ਜਾ ਰਹੇ ਹਨ ਜਿਸ ਵਿੱਚ ਵੱਖ ਵੱਖ ਬਿਮਾਰੀਆਂ ਦਾ ਇਲਾਜ ਅਤੇ ਅਪਰੇਸ਼ਨ ਦੀ ਰੋਗੀ ਨੂੰ ਸਹੂਲਤ ਮਿਲੇਗੀ। ਸਿਵਲ ਸਰਜਨ ਅੰਮ੍ਰਿਤਸਰ ਅਤੇ ਡੀਸੀ ਅੰਮ੍ਰਿਤਸਰ ਦੇ ਹੁਕਮਾਂ ਮੁਤਾਬਿਕ ਅਤੇ ਐਸ ਐਮ ਓ ਮਨਜੀਤ ਸਿੰਘ ਰਟੌਲ ਸੀ ਐਚ ਸੀ ਮਾਨਾਵਾਲਾ ਦੀ ਅਗਵਾਈ ਹੇਠ ਪਿੰਡ ਮੱਲ੍ਹੀਆ ਵਿਖੇ ਕੈਂਪ ਲਗਾਇਆ ਗਿਆ। ਜਿਸਦਾ ਉਦਘਾਟਨ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵਲੋਂ ਕੀਤਾ ਗਿਆ। ਇਸ ਮੌਕੇ ਤੇ ਡਿਊਟੀ ਇੰਚਾਰਜ ਬਲਬੀਰ ਸਿੰਘ ਜੰਡ ਨੇ ਪੱਤਰਕਾਰਾਂ ਨੂੰ ਦੱਸਿਆ ਕਿ, ਹੁਣ ਤੱਕ ਪਿੰਡ ਮੱਲ੍ਹੀਆ ਵਿੱਚ 250 ਕਾਰਡ ਬਣ ਚੁੱਕੇ ਹਨ। ਅਤੇ ਅਗਲੇ ਦਿਨਾਂ ਤੱਕ ਕੈਂਪ ਇਸੇ ਤਰ੍ਹਾਂ ਜਾਰੀ ਰਹੇਗਾ।, ਤੇ ਬਾਕੀ ਰਹਿੰਦੇ ਲੋਕਾਂ ਦੇ ਵੀ ਕਾਰਡ ਬਣਾਏ ਜਾਣਗੇ, ਇਸ ਮੌਕੇ ਤੇ ਕੈਂਪ ਇੰਚਾਰਜ ਬਲਬੀਰ ਸਿੰਘ ਜੰਡ, ਸਮਾਜ ਸੇਵਕ ਨਵਕਰਨ ਸਿੰਘ ਮੱਲੀ, ਕੰਪਿਊਟਰ ਆਪਰੇਟਰ ਲਵਪ੍ਰੀਤ ਸਿੰਘ ਕੰਪਿਊਟਰ ਆਪਰੇਟਰ ਇਕਬਾਲ ਸਿੰਘ ਆਪਰੇਟਰ ਮੋਨਿਕਾ ਸੀ ਐਚ ਓ ਜਸਦੀਪ ਕੌਰ, ਸਰਬਜੀਤ ਕੌਰ ਏ ਐਨ ਐਮ ,ਕਰਮਜੀਤ ਕੌਰ ਆਸ਼ਾ ਵਰਕਰ ,ਨਵਦੀਪ ਕੋਰ ਆਸ਼ਾ ਵਰਕਰ, ਮੈਂਬਰ ਗੁਰਪ੍ਰੀਤ ਸਿੰਘ ਸੁੰਦਰ ਸਿੰਘ ਆਦਿ ਮੋਹਤਬਾਰ ਹਾਜਿਰ ਸਨ।, ਇਸ ਮੌਕੇ ਤੇ ਨਵਕਰਨ ਸਿੰਘ ਮੱਲੀ ਨੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਤੋਂ ਪ੍ਰੇਰਿਤ ਕਰਕੇ ਵੱਧ ਤੋਂ ਵੱਧ ਲਾਭ ਉਠਾਉਣ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ!

# ਦੂਜਾ ਸਰਦਾਰ ਹਰਚੰਦ ਸਿੰਘ ਸੰਧੂ (ਟੋਨੀ ਸਰਪੰਚ) ਮੈਮੋਰੀਅਲ ਗੋਲਡ ਕੱਪ ਹਾਕੀ ਟੂਰਨਾਮੈਂਟ (ਮਰਦ ਅਤੇ ਮਹਿਲਾ)



**ਚੌਕ ਮਹਿਤਾ, 22 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਖੇਡੇ ਗਏ ਸੈਮੀਫਾਈਨਲ ਮੁਕਾਬਲਿਆਂ ਤੋਂ ਬਾਅਦ ਰੋਮਾਂਚਕ ਫਾਈਨਲ ਲਈ ਸਟੇਜ ਤਿਆਰ ਹੈ। ਮਹਿਲਾ ਫਾਈਨਲ਼ ਮੁਕਾਬਲਾ: ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਬਨਾਮ ਪੰਜਾਬੀ ਯੂਨੀਵਰਸਿਟੀ, ਪਟਿਆਲਾ। ਸੈਮੀਫਾਈਨਲ ਨਤੀਜੇ਼ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਖਾਲਸਾ ਹਾਕੀ ਅਕੈਡਮੀ, ਅੰਮ੍ਰਿਤਸਰ ਨੂੰ (1-0) ਨਾਲ ਹਰਾਇਆ।, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਰਾਊਂਡਗਲਾਸ LKCW, ਜਲੰਧਰ ਨੂੰ (2-1) ਨਾਲ ਹਰਾਇਆ। ਮਰਦ ਫਾਈਨਲ਼ ਮੁਕਾਬਲਾ: ਰਾਊਂਡਗਲਾਸ ਹਾਕੀ ਅਕੈਡਮੀ, ਬੁਟਾਲਾ ਬਨਾਮ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ। ਸੈਮੀਫਾਈਨਲ ਨਤੀਜੇ: , ਰਾਊਂਡਗਲਾਸ ਹਾਕੀ ਅਕੈਡਮੀ, ਬੁਟਾਲਾ ਨੇ ਲੁਧਿਆਣਾ ਸਪੋਰਟਸ ਕਲੱਬ ਨੂੰ (3-2) ਨਾਲ ਹਰਾਇਆ।, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ ਨੇ ਰਾਊਂਡਗਲਾਸ LKCW ਜਲੰਧਰ ਨੂੰ (4-3) ਨਾਲ ਹਰਾਇਆ। ਫਾਈਨਲ ਮੁਕਾਬਲੇ ਕੱਲ੍ਹ ਖੇਡੇ ਜਾਣਗੇ, ਜਿਸ ਵਿੱਚ ਇੱਕ ਦਿਲਚਸਪ ਅਤੇ ਉਤਸ਼ਾਹਪੂਰਨ ਮਾਹੌਲ ਹੋਣ ਦੀ ਉਮੀਦ ਹੈ। ਇਸ ਮੌਕੇ ਮੁੱਖ ਮਹਿਮਾਨ: ਖੁਸ਼ਬੀਰ ਕੌਰ (ਅਰਜੁਨ ਅਵਾਰਡੀ ਅਤੇ ਐਸ.ਪੀ.) ਟੂਰਨਾਮੈਂਟ ਡਾਇਰੈਕਟਰ: ਬਲਵਿੰਦਰ ਸਿੰਘ ਸ਼ੰਮੀ (ਓਲੰਪੀਅਨ), ਆਰਗੇਨਾਈਜ਼ਿੰਗ ਸੈਕਟਰੀ: ਬਿਕਰਮਜੀਤ ਸਿੰਘ ਸੰਧੂ, ਰਵਿਸ਼ੇਰ ਸਿੰਘ ਸੰਧੂ ਅਤੇ ਮਹਾਰਾਜਾ ਰਣਜੀਤ ਸਿੰਘ ਹਾਕੀ ਅਕੈਡਮੀ ਦੇ ਸਾਰੇ ਮੈਂਬਰ ਵੀ ਹਾਜ਼ਰ ਸਨ ਸਾਰੇ ਖੇਡ ਪ੍ਰੇਮੀਆਂ ਨੂੰ ਗ੍ਰੈਂਡ ਫਾਈਨਲ ਵਿੱਚ ਸ਼ਾਮਲ ਹੋਣ ਲਈ ਸ਼ਾਦਪੁਰਮੀ ਨਾਲ ਸੱਦਾ ਦਿੱਤਾ ਜਾਂਦਾ ਹੈ।

## ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ

# ਖੁਸ਼ੀਆਂ ਖੇੜਿਆਂ ਨਾਲ ਸੰਪੰਨ ਹੋਇਆ




ਫ਼ਿਰੋਜ਼ਪੁਰ, 22 ਫਰਵਰੀ (ਮਨੋਹਰ ਲਾਲ) :- ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਜੋ ਕਿ 21 ਫਰਵਰੀ ਨੂੰ ਦੁਪਹਿਰੇ ਇੱਕ ਵਜੇ ਸ਼ੁਰੂ ਹੋਇਆ ਸੀ ਤੇ ਰਾਤ ਵਜੇ ਤੱਕ ਚੱਲਦਾ ਰਿਹਾ। ਅੱਜ 22 ਫਰਵਰੀ ਨੂੰ ਸੱਤ ਲੋੜਵੰਦ ਲੜਕੀਆਂ ਦੇ ਵਿਆਹ ਕੀਤੇ ਗਏ ਜਿਸ ਵਿੱਚ ਸਾਬਕਾ ਐਮ.ਐਲ.ਏ ਪਰਮਿੰਦਰ ਸਿੰਘ ਪਿੰਕੀ ਖਾਸ ਤੌਰ ਤੇ ਜੋੜੀਆਂ ਨੂੰ ਅਸ਼ੀਰਵਾਦ ਦੇਣ ਲਈ ਭਾਈ ਮਰਦਾਨਾ ਹਾਲ ਵਿਖੇ ਪੁੱਜੇ ਉਨ੍ਹਾਂ ਕਿਹਾ ਕਿ ਵਿਸ਼ਵ ਭਾਈ ਮਰਦਾਨਾ ਸੋਸਾਇਟੀ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਕਰਦੀ ਹੈ ਅਤੇ 34 ਸਾਲ ਤੋਂ ਇਹ ਲੋੜਵੰਦ ਲੜਕੀਆਂ ਦੇ ਵਿਆਹ ਕਰਦੇ ਆ ਰਹੇ ਹਨ ਤੇ ਕੀਰਤਨ ਦਰਬਾਰ ਸਜਾਉਂਦੇ ਆ ਰਹੇ ਹਨ ਅਸੀਂ ਹਮੇਸ਼ਾ ਹੀ ਇਨ੍ਹਾਂ ਨੂੰ ਸਹਿਯੋਗ ਕਰਦੇ ਹਾਂ ਤੇ ਕਰਦੇ ਰਹਾਂਗੇ। ਸੋਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ, ਜਿਨਾਂ ਨੇ ਆਪਣਾ ਵਡਮੁੱਲਾ ਯੋਗਦਾਨ ਸੇਵਾ ਸੋਸਾਇਟੀ ਨੂੰ ਦਿੱਤੀ ਅਤੇ ਲੋੜਵੰਦ ਲੜਕੀਆਂ ਦੇ ਵਿਆਹ ਕਾਰਜ ਸੰਪੰਨ ਕਰਵਾਏ ਅਤੇ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਵਿੱਚ ਭਾਈ ਸਾਹਿਬ ਭਾਈ ਗੁਰਮੇਲ ਸਿੰਘ ਹਜ਼ੂਰੀ ਰਾਗੀ ਸੂਫੀ ਸੰਤ ਗੁਲਾਮ ਹੈਦਰ ਕਾਦਰੀ ਜੀ ਨੇ ਵੀ ਹਾਜਰੀ ਭਰੀ ਸੰਗਤਾਂ ਨੂੰ ਆਪਣੇ ਕੀਰਤਨ ਨੂੰ ਅਤੇ ਵਿਚਾਰਾਂ ਰਾਹੀ ਮੰਤਰ ਮੁਕਤ ਕੀਤਾ, ਬਾਬਾ ਸੁੱਖਜੀਤ ਸਿੰਘ ਗੁਰੂਦੁਆਰਾ ਬਾਬਾ ਰਾਮ ਲਾਲ ਜੀ, ਬਾਬਾ ਹਰਬਿੰਦਰ ਸਿੰਘ ਤੂਤ, ਭਾਈ ਸੰਦੀਪ ਸਿੰਘ ਭਾਈ ਕਵਲਜੀਤ ਸਿੰਘ ਨੇ ਕੀਰਤਨ ਕਰਕੇ ਸੰਗਤਾ ਨੂੰ ਮੰਤਰ ਮੁਗਤ ਕੀਤਾ। ਇਸ ਮੌਕੇ ਨਗਰ ਪਾਲਿਕਾ ਪ੍ਰਧਾਨ ਰੋਹਿਤ ਗਰੋਵਰ, ਹਰਜੀਤ ਸਿੰਘ ਧਾਲੀਵਾਲ, ਦਰਸ਼ਨ ਨਾਲ ਹੀਰਾ, ਪਰਮਜੀਤ ਸਿੰਘ ਔਲਖ, ਰਣਵੀਰ ਸਿੰਘ ਰਾਣਾ, ਇੰਦਰਪਾਲ ਸਿੰਘ ਪ੍ਰਿੰਸ, ਮੋਹਨ ਸਿੰਘ, ਮਨੋਹਰ ਲਾਲ, ਗੁਰਮੀਤ ਸਿੰਘ ਔਲਖ, ਨਿਰਮਲ ਸਿੰਘ ਆਦਿ ਹਾਜਰ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਹੋਲੇ ਮੁਹੱਲੇ ਤੇ ਹੁਲੜਬਾਜਾਂ ਨੂੰ ਸਬਕ . ਸਿਖਾਉਣ ਵਾਲੇ ਅਨੰਦਪੁਰ ਸਾਹਿਬ ਦੇ ਸ਼ਹੀਦ ਭਾਈ ਪਰਦੀਪ ਖਾਲਸਾ ਗਾਜ਼ੀ ਕੋਟ ਗੁਰਦਾਸਪੁਰ ਦੀ ਸਲਾਨਾ ਬਰਸੀ ਮਨਾਈ ਗਈ : ਕੈਪਟਨ ਗੁਰਬਖ਼ਸ਼ ਸਿੰਘ

ਜੰਡਿਆਲਾ ਗੁਰੂ 22 ਫਰਵਰੀ ( ਕੁਲਵੰਤ ਸਿੰਘ ਵਿਰਦੀ ) ਅਕਾਲ ਤਖਤ ਸਾਹਿਬ ਦੇ ਹੁਕਮਾਂ ਅਨੁਸਾਰ ਹੋਲੇ ਮੁਹੱਲੇ ਅਨੰਦਪੁਰ ਸਾਹਿਬ ਵਿਖੇ ਹੁਲੜਬਾਜਾਂ ਨੂੰ ਹੁਲੜਬਾਜੀ ਤੋਂ ਰੋਕਦੇ ਹੋਏ ਸ਼ਹੀਦੀ ਜਾਮ ਪੀਣ ਵਾਲੇ ਅਨੰਦਪੁਰ ਸਾਹਿਬ ਦੇ ਸਹੀਦ ਭਾਈ ਪਰਦੀਪ ਸਿੰਘ ਖਾਲਸਾ ਦੀ ਸਲਾਨਾ ਬਰਸੀ ਪਿੰਡ ਗਾਜ਼ੀ ਕੋਟ ਗੁਰਦਾਸਪੁਰ ਵਿਖੇ ਬਹੁਤ ਹੀ ਸ਼ਰਧਾ ਭਾਵਨਾਵਾਂ ਤੇ ਉਤਸ਼ਾਹ ਨਾਲ ਮਨਾਈ ਗਈ,ਅਖੰਡ ਪਾਠ ਸਾਹਿਬ ਭੋਗ ਪਾਏ ਗਏ, ਧਾਰਮਿਕ ਕਰਵਾਏਗੇ ਜਿਸ ਵਿਚ ਵੱਖ ਵੱਖ ਬੁਲਾਰਿਆਂ ਵਲੋਂ ਹਾਜਰੀ ਲਵਾਈ ਅਤੇ ਸ਼ਹੀਦ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਅਤੇ ਸਨਮਾਨ ਯੋਗ ਹਸਤੀਆਂ ਦਾ ਸਨਮਾਨ ਕੀਤਾ ਗਿਆ ਅਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ, ਇਸ ਸਬੰਧੀ ਪ੍ਰੇਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸਮਾਗਮ ਦੀਆਂ ਹਾਜ਼ਰੀਆਂ ਭਰਨ ਤੋਂ ਉਪਰੰਤ ਇੱਕ ਲਿਖਤੀ ਬਿਆਨ ਰਾਹੀਂ ਦਿੱਤੀ, ਉਹਨਾਂ ਦੱਸਿਆ, ਸਮਾਗਮ ਵਿੱਚ ਬੁਢੇਦਲ ਦੇ ਖਾੜਕੂ ਕੀਰਤਨੀ ਏ ਜਥੇਦਾਰ ਗੁਰਜੀਤ ਸਿੰਘ ਗੜਗੱਜ, ਸ਼੍ਰੌਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਥਾ ਵਾਚਕ ,ਸਥਾਨਕ ਗੁਰਦੁਆਰਾ ਸਾਹਿਬ ਗਾਜ਼ੀ ਕੋਟ ਦੇ ਹਜ਼ੂਰੀ ਕੀਰਤਨੀਆਂ ਦੇ ਕੀਰਤਨ ਜਥੇ ਸਮੇਤ ਕਈ ਪ੍ਰਚਾਰਕਾਂ ਨੇ ਹਾਜ਼ਰੀ ਲਵਾਈ ਤੇ ਸਹੀਦ ਭਾਈ ਪਰਦੀਪ ਸਿੰਘ ਖਾਲਸਾ ਨੂੰ ਸ਼ਰਧਾਂਜਲੀ ਭੇਟ ਕੀਤੀਆਂ, ਇਸ ਮੌਕੇ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਪ੍ਰਧਾਨ ਭਾਈ ਵਿਰਸਾ ਸਿੰਘ ਨੇ ਹਾਜ਼ਰੀ ਭਰਦਿਆ ਜਿਥੇ ਸ਼ਹੀਦ ਭਾਈ ਪਰਦੀਪ ਸਿੰਘ ਖਾਲਸਾ ਬੁਢੇ ਦਲ ਦੀ ਮਹਾਨ ਕੁਰਬਾਨੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਉਥੇ ਉਨ੍ਹਾਂ ਸ਼੍ਰੌਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਤੋਂ ਮੰਗ ਕੀਤੀ ਕਿ ਭਾਈ ਪਰਦੀਪ ਸਿੰਘ ਖਾਲਸਾ ਨੇ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਤੇ ਤਾਮੀਲ ਕਰਦਿਆਂ ਹੁਲੜਬਾਜਾਂ ਨਾਲ ਲੋਹਾ ਲੈਂਦਿਆਂ ਸ਼ਹਾਦਤ ਦਾ ਜਾਮ ਪੀਤਾ, ਭਾਈ ਖਾਲਸਾ ਨੇ ਭਾਈ ਪਰਦੀਪ ਸਿੰਘ ਖਾਲਸਾ ਗਾਜ਼ੀ ਕੋਟ ਦੀ ਕੁਰਬਾਨੀ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਸਹੀਦ ਕਰਾਰ ਤਾਂ ਦੇ ਦਿੱਤਾ ਗਿਆ ਪਰ ਸ਼ਹੀਦ ਦੇ ਪਰਿਵਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੋਈ ਮਦਦ ਨਹੀਂ ਕੀਤੀ ਅਤੇ ਨਾ ਹੀ ਸ਼ਹੀਦ ਦੀ ਤਸਵੀਰ ਸਿੱਖ ਅਜਾਇਬ ਘਰ ਵਿੱਚ ਸੰਸੋਬਤ ਨਹੀਂ ਕੀਤਾ ਗਈ, ਇਸ ਕਰਕੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਇਸ ਭੁੱਲ ਨੂੰ ਦਰੁਸਤ ਕਰਦਿਆਂ ਸ਼ਹੀਦ ਦੀ ਤਸਵੀਰ ਸਿੰਘ ਅਜੈਬ ਘਰ ਵਿਚ ਲਾਉਣ ਦੀ ਲੋੜ ਤੇ ਜੋਰ ਦੇਣਾ ਚਾਹੀਦਾ ਹੈ ਅਤੇ ਪ੍ਰਵਾਰ ਨੂੰ ਹਰ ਬਰਸੀ ਸਮਾਗਮ ਤੇ ਢੁਕਵੀਂ ਮਦਦ ਕਰਨੀ ਚਾਹੀਦੀ ਹੈ ,ਇਸ ਮੌਕੇ ਸ਼ਹੀਦ ਦੇ ਪਿਤਾ ਕੈਪਟਪ ਗੁਰਬਖਸ਼ ਸਿੰਘ ਜੀ ਵੱਲੋਂ ਆਈ ਸੰਗਤ ਦਾ ਧੰਨਵਾਦ ਕੀਤਾ ਗਿਆ ਅਤੇ ਵੱਖ ਵੱਖ ਧਾਰਮਿਕ ਬੁਲਾਰਿਆਂ ਤੇ ਹੋਰ ਸਨਮਾਨ ਯੋਗ ਹਸਤੀਆਂ ਦਾ ਸਨਮਾਨ ਕੀਤਾ ਗਿਆ ਅਤੇ ਸਭਨਾਂ ਨੂੰ ਲੰਗਰ ਦੀ ਪੰਗਤ ਵਿਚ ਬੈਠਾਕੇ ਲੰਗਰ ਛਕਾਇਆ ਗਿਆ, ਇਸ ਮੌਕੇ ਤੇ ਬਹੁਤ ਸਾਰੂ ਧਾਰਮਿਕ ਸਿਆਸੀ ਸਮਾਜਿਕ ਤੇ ਬੁੱਢੇ ਦਲ ਦੀਆਂ ਫੌਜਾਂ ਤੋਂ ਇਲਾਵਾ ਸੈਂਕੜੇ ਆਗੂਆਂ ਨੇ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ।



# ਖਾਰਗਰ ਨਵੀਂ ਮੁੰਬਈ ਵਿਖੇ ਮਹਾਂਪੁਰਖ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਵੱਲੋਂ ਸ਼ਹੀਦੀ ਸ਼ਤਾਬਦੀ ਸਮਾਗਮਾਂ ਵਿਚ ਭਾਰੀ ਗਿਣਤੀ ਸੰਗਤਾਂ ਹਾਜ਼ਰੀ ਭਰਨ-ਜਥੇਦਾਰ ਗਿਆਨੀ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ





ਫ਼ਿਰੋਜ਼ਪੁਰ, 22 ਫਰਵਰੀ (ਮਨੋਹਰ ਲਾਲ) :- ਖਾਰਗਰ ਨਵੀਂ ਮੁੰਬਈ ਵਿਖੇ ਮਹਾਂਪੁਰਖ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਵੱਲੋਂ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਜੋ ਕਿ ਮਹਾਂਪੁਰਖ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਵੱਲੋਂ ਮਹਾਂ ਰਾਸ਼ਟਰ ਵਿਖੇ ਤੀਸਰੇ ਪੜਾਅ ਵਿਚ ਖਾਰਗਰ ਨਵੀਂ ਮੁੰਬਈ ਦੇ ਉਵੇਂ ਮੈਦਾਨ ਵਿਖੇ 28 ਫਰਵਰੀ ਦਿਨ ਸ਼ਨੀਵਾਰ ਤੇ ਇਕ ਮਾਰਚ ਦਿਨ ਐਤਵਾਰ ਨੂੰ ਰਾਜ ਪੱਧਰ ਤੇ ਮਨਾਏ ਜਾ ਰਹੇ ਹਨ। ਇਹ ਜਾਣਕਾਰੀ ਜਥੇਦਾਰ ਗਿਆਨੀ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੇ ਉਪਰਾਲੇ ਨਾਲ ਖਾਰਗਰ ਨਵੀਂ ਮੁੰਬਈ ਵਿਖੇ ਮਹਾਂਰਾਸ਼ਟਰ ਦੀ ਧਰਤੀ ਵਿਖੇ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਮਨਾਈ ਜਾ ਰਹੀ ਹੈ, ਜਿਸ ਦੀਆਂ ਤਿਆਰੀਆਂ ਜ਼ੋਰਾਂ ਨਾਲ ਚੱਲ ਰਹੀਆਂ ਹਨ ।ਜਿਸ ਵਿਚ ਬਹੁਤ ਸੁੰਦਰ ਪੰਡਾਲ ਦਾ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ ਹੈ, ਜਿਸ ਵਿਚ ਮੁੱਖ ਮੰਤਰੀ ਸ੍ਰੀ ਦੇਵੇਂਦਰ ਫਰਨਵੀਸ ਦੇ ਸਹਿਯੋਗ ਸਦਕਾ ਇਹ ਦੋ ਦਿਨਾਂ ਧਾਰਮਿਕ ਸਮਾਗਮਾਂ ਦੌਰਾਨ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਵਿਸ਼ੇਸ਼ ਤੌਰ ਤੇ ਇਨ੍ਹਾਂ ਸ਼ਤਾਬਦੀ ਸਮਾਗਮਾਂ ਵਿਚ ਸ਼ਾਮਲ ਹੋਣਗੇ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਹਾਨ ਸਖਸ਼ੀਅਤਾਂ, ਧਾਰਮਿਕ ਅਤੇ ਰਾਜਨੀਤਕ ਪਾਰਟੀਆਂ ਦੇ ਆਗੂ ਵੱਡੀ ਗਿਣਤੀ ਵਿਚ ਸ਼ਾਮਲ ਹੋ ਰਹੇ ਹਨ। ਜਥੇਦਾਰ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਹੋਰ ਸਮੂਹ ਭਾਰਤ ਦੇਸ਼ ਵਾਸੀਆਂ ਦੀ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਭਾਰੀ ਗਿਣਤੀ ਵਿਚ ਖਾਰਗਰ ਨਵੀਂ ਮੁੰਬਈ ਵਿਖੇ ਪਹੁੰਚ ਕੇ ਆਏ ਹੋਏ ਮਹਾਂਪੁਰਖਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਉ। ਇਸ ਮੌਕੇ ਤੇ ਦੋ ਦਿਨ ਹੀ ਗੁਰੂ ਕਾ ਲੰਗਰ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਪਕਵਾਨਾਂ ਦੇ ਲੰਗਰ ਅਤੁੱਟ ਵਰਤਾਏ ਜਾ ਰਹੇ ਹਨ।

# ਰੋਜ਼ਾਨਾ ਦੀ ਸਿਹਤ ਰੁਟੀਨ - ਆਪਣੇ ਆਪ ਨਾਲ ਪਿਆਰ ਕਰਨ ਦਾ ਪਹਿਲਾ ਕਦਮ



ਸਿਹਤ ਸਿਰਫ਼ ਬਿਮਾਰੀ ਨਾ ਹੋਣ ਦਾ ਨਾਮ ਨਹੀਂ, ਸਿਹਤ ਉਹ ਅਹਿਸਾਸ ਹੈ ਜਦੋਂ ਸਰੀਰ ਹਲਕਾ ਲੱਗੇ, ਮਨ ਸ਼ਾਂਤ ਹੋਵੇ ਤੇ ਰੂਹ ਖੁਸ਼ ਹੋਵੇ। ਅਸੀਂ ਅਕਸਰ ਦੂਜਿਆਂ ਦੀ ਸੰਭਾਲ ਕਰਦੇ ਕਰਦੇ ਆਪਣੇ ਆਪ ਨੂੰ ਭੁੱਲ ਜਾਂਦੇ ਹਾਂ। ਪਰ ਸੱਚ ਇਹ ਹੈ ਕਿ ਜੇ ਅਸੀਂ ਆਪਣੀ ਦੇਖਭਾਲ ਨਹੀਂ ਕਰਾਂਗੇ ਤਾਂ ਕਿਸੇ ਹੋਰ ਲਈ ਮਜ਼ਬੂਤ ਕਿਵੇਂ ਰਹਾਂਗੇ ?

ਰੋਜ਼ਾਨਾ ਦੀ ਸਿਹਤ ਰੁਟੀਨ ਕੋਈ ਔਖਾ ਕੰਮ ਨਹੀਂ। ਇਹ ਛੋਟੇ-ਛੋਟੇ ਕਦਮਾਂ ਨਾਲ ਸ਼ੁਰੂ ਹੁੰਦੀ ਹੈ।

ਸਵੇਰ ਦੀ ਸ਼ੁਰੂਆਤ ਸਭ ਤੋਂ ਮਹੱਤਵਪੂਰਨ ਹੁੰਦੀ ਹੈ। ਕੋਸ਼ਿਸ਼ ਕਰੋ ਕਿ ਸਵੇਰੇ ਜਲਦੀ ਉੱਠੋ। ਉੱਠਦਿਆਂ ਹੀ ਮੋਬਾਈਲ ਦੇਖਣ ਦੀ ਬਜਾਏ ਦੋ ਮਿੰਟ ਅੱਖਾਂ ਬੰਦ ਕਰਕੇ ਰੱਬ ਦਾ ਸ਼ੁਕਰ ਅਦਾ ਕਰੋ। ਇਕ ਗਲਾਸ ਗੁੰਮਗਰਮ ਪਾਣੀ ਪੀਓ। ਇਹ ਸਰੀਰ ਨੂੰ ਅੰਦਰੋਂ ਸਾਫ਼ ਕਰਦਾ ਹੈ ਤੇ ਨਵੀਂ ਤਾਜ਼ਗੀ ਦਿੰਦਾ ਹੈ।

ਹਰ ਰੋਜ਼ ਘੱਟੋ-ਘੱਟ 20-30 ਮਿੰਟ ਚੱਲਣਾ ਜਾਂ ਹਲਕੀ ਵਰਜ਼ਿਸ਼ ਕਰਨਾ ਬਹੁਤ ਜ਼ਰੂਰੀ ਹੈ। ਇਹ ਸਿਰਫ਼ ਸਰੀਰ ਨੂੰ ਹੀ ਨਹੀਂ, ਮਨ ਨੂੰ ਵੀ ਹਲਕਾ ਕਰਦਾ ਹੈ। ਜਦੋਂ ਅਸੀਂ ਹਿਲਦੇ-ਜੁਲਦੇ ਹਾਂ ਤਾਂ ਤਣਾਅ ਘੱਟ ਹੁੰਦਾ ਹੈ ਤੇ ਚਿਹਰੇ ‘ਤੇ ਕੁਦਰਤੀ ਰੌਣਕ ਆਉਂਦੀ ਹੈ।

ਖਾਣ-ਪੀਣ ਵਿੱਚ ਸਾਦਗੀ ਰੱਖੋ। ਤਾਜ਼ਾ ਫਲ, ਸਬਜ਼ੀਆਂ, ਘਰੇਲੂ ਖਾਣਾ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਓ। ਜ਼ਿਆਦਾ ਤਲਿਆ-ਭੁਨਿਆ ਤੇ ਬਾਹਰਲਾ ਖਾਣਾ ਘੱਟ ਕਰੋ। ਯਾਦ ਰੱਖੋ, ਜੋ ਅਸੀਂ ਖਾਂਦੇ ਹਾਂ, ਉਹੀ ਸਾਡੇ ਸਰੀਰ ਅਤੇ ਮਨ ‘ਤੇ ਅਸਰ ਕਰਦਾ ਹੈ।

ਪਾਣੀ ਪੀਣ ਦੀ ਆਦਤ ਬਣਾਓ। ਕਈ ਵਾਰ ਥਕਾਵਟ ਸਿਰਫ਼ ਪਾਣੀ ਦੀ ਕਮੀ ਕਾਰਨ ਹੁੰਦੀ ਹੈ। ਆਪਣੇ ਸਰੀਰ ਦੀਆਂ ਛੋਟੀਆਂ-ਛੋਟੀਆਂ ਲੋੜਾਂ ਨੂੰ ਸਮਝੋ।

ਸਿਹਤ ਸਿਰਫ਼ ਸਰੀਰ ਦੀ ਨਹੀਂ, ਮਨ ਦੀ ਵੀ ਹੁੰਦੀ ਹੈ। ਹਰ ਰੋਜ਼ ਕੁਝ ਸਮਾਂ ਆਪਣੇ ਲਈ ਰੱਖੋ। ਚਾਹੇ 10 ਮਿੰਟ ਹੀ ਕਿਉਂ ਨਾ ਹੋਣ — ਚੁੱਪਚਾਪ ਬੈਠੋ, ਡੂੰਘੀ ਸਾਹ ਲਓ, ਆਪਣੇ ਵਿਚਾਰਾਂ ਨੂੰ ਵੇਖੋ। ਨਕਾਰਾਤਮਕ ਸੋਚ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰੋ। ਚੰਗੀਆਂ ਕਿਤਾਬਾਂ ਪੜ੍ਹੋ ਜਾਂ ਕੋਈ ਪ੍ਰੇਰਕ ਵਿਚਾਰ ਸੁਣੋ।

ਰਾਤ ਨੂੰ ਸਮੇਂ ‘ਤੇ ਸੌਣਾ ਵੀ ਬਹੁਤ ਜ਼ਰੂਰੀ ਹੈ। ਪੂਰੀ ਨੀਂਦ ਸਰੀਰ ਨੂੰ ਦੁਬਾਰਾ ਤਿਆਰ ਕਰਦੀ ਹੈ। ਦੇਰ ਰਾਤ ਤੱਕ ਜਾਗਣਾ ਹੌਲੀ-ਹੌਲੀ ਸਿਹਤ ‘ਤੇ ਬੁਰਾ ਅਸਰ ਪਾਉਂਦਾ ਹੈ।

ਯਾਦ ਰੱਖੋ, ਸਿਹਤ ਦੀ ਸੰਭਾਲ ਕੋਈ ਇਕ ਦਿਨ ਦਾ ਕੰਮ ਨਹੀਂ — ਇਹ ਰੋਜ਼ਾਨਾ ਦਾ ਵਾਅਦਾ ਹੈ ਜੋ ਅਸੀਂ ਆਪਣੇ ਆਪ ਨਾਲ ਕਰਦੇ ਹਾਂ। ਆਪਣੇ ਸਰੀਰ ਨੂੰ ਸਜ਼ਾ ਨਾ ਦਿਓ, ਉਸ ਨਾਲ ਪਿਆਰ ਕਰੋ। ਆਪਣੇ ਮਨ ਨੂੰ ਦਬਾਓ ਨਾ, ਉਸਨੂੰ ਸਮਝੋ।

ਜਦੋਂ ਅਸੀਂ ਆਪਣੀ ਸੰਭਾਲ ਕਰਦੇ ਹਾਂ, ਤਾਂ ਅੰਦਰੋਂ ਇੱਕ ਨਵੀਂ ਤਾਕਤ ਜਨਮ ਲੈਂਦੀ ਹੈ। ਇਹ ਤਾਕਤ ਸਾਨੂੰ ਹਰ ਮੁਸ਼ਕਲ ਦਾ ਸਾਹਮਣਾ ਕਰਨ ਯੋਗ ਬਣਾਉਂਦੀ ਹੈ। ਅੱਜ ਤੋਂ ਹੀ ਇੱਕ ਛੋਟਾ ਕਦਮ ਚੁੱਕੋ। ਕਿਉਂਕਿ ਤੁਸੀਂ ਕੀਮਤੀ ਹੋ। ਤੁਹਾਡੀ ਸਿਹਤ ਸਭ ਤੋਂ ਵੱਡੀ ਦੌਲਤ ਹੈ।

**-ਸਮਾਜ ਸੇਵੀ, ਅਸ਼ੋਕ ਕੁਮਾਰ, ਮਲਟੀਪਰਪਜ ਹੈਲਥ ਸੁਪਰਵਾਈਜ਼ਰ**
**ਮਿੰਨੀ ਪੀ ਐੱਚ ਸੀ ਕਾਂਝਲਾ, ਸੀ ਐੱਚ ਸੀ ਸ਼ੇਰਪੁਰ**

# ਚੋਣਾ ਸਮੇ ਜਨਤਾ ਨੂੰ ਮੁ.ਫਤ ਸੁਵਿਧਾਵਾਂ ਦਾ ਲਾਲਚ ਦੇਣਾ ਲੋਕਤਾਂਤਰਿਕ ਪ੍ਰਣਾਲੀ ਲਈ ਬਹੁਤ ਵੱਡੀ ਚੁਣੌਤੀ

**ਹੁਸ਼ਿਆਰਪੁਰ, 22 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਇੱਕ ਜਰੂਰੀ ਮੀਟਿੰਗ ਕੀਤੀ ਗਈ ਮੀਟਿੰਗ ਵਿੱਚ ਬੰਟੀ ਹਰਿਆਣਾ ਬਲਾਕ ਪ੍ਰਧਾਨ ਹਰਿਆਣਾ ਭੂੰਗਾ ਅਤੇ ਬਿੱਟੂ ਸ਼ੇਰਗੜ੍ਹ ਹਲਕਾ ਪ੍ਰਧਾਨ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਆਗੂਆਂ ਨੇ ਸਿਆਸੀ ਪਾਰਟੀਆਂ ਵੱਲੋਂ ਚੋਣਾਂ ਜਿੱਤਣ ਲਈ ਫਰੀ ਦੀਆਂ ਸੁਵਿਧਾਵਾਂ ਵੰਡਣ ਦੀ ਵੱਧ ਰਹੀ ਪ੍ਰਵਿਰਤੀ ’ਤੇ ਚਿੰਤਾ ਪ੍ਰਗਟਾਉਂਦੇ ਹੋਏ ਸੁਪਰੀਮ ਕੋਰਟ ਵੱਲੋਂ ਇਸ ਮਸਲੇ ’ਤੇ ਕੀਤੀ ਗਈ ਸਖ਼ਤ ਟਿੱਪਣੀ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਵੱਲੋਂ ਸਮੇਂ-ਸਮੇਂ ’ਤੇ ਲੋਕਤਾਂਤਰਿਕ ਮੁੱਲਾਂ ਦੀ ਰੱਖਿਆ ਲਈ ਇਸ ਤਰ੍ਹਾਂ ਦੀਆਂ ਗੰਭੀਰ ਟਿੱਪਣੀਆਂ ਕਰਨਾ ਲੋਕਤੰਤਰ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇਕ ਸਕਾਰਾਤਮਕ ਕਦਮ ਹੈ। ਉਹਨਾਂ ਕਿਹਾ ਕਿ ਚੋਣ ਫਾਇਦੇ ਪ੍ਰਾਪਤ ਕਰਨ ਦੇ ਉਦੇਸ਼ ਨਾਲ ਜਨਤਾ ਨੂੰ ਮੁਫ਼ਤ ਸੁਵਿਧਾਵਾਂ ਦਾ ਲਾਲਚ ਦੇਣਾ ਲੋਕਤਾਂਤਰਿਕ ਪ੍ਰਣਾਲੀ ਲਈ ਇਕ ਗੰਭੀਰ ਚੁਣੌਤੀ ਬਣਦਾ ਜਾ ਰਿਹਾ ਹੈ। ਇਸ ਤਰ੍ਹਾਂ ਦੀਆਂ ਨੀਤੀਆਂ ਨਾ ਸਿਰਫ਼ ਆਰਥਿਕ ਅਨੁਸ਼ਾਸਨ ਨੂੰ ਕਮਜ਼ੋਰ ਕਰਦੀਆਂ ਹਨ, ਸਗੋਂ ਸਮਾਜ ਵਿੱਚ ਮਿਹਨਤ ਅਤੇ ਸਵੈ-ਨਿਰਭਰਤਾ ਦੀ ਭਾਵਨਾ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਵੀ ਆਪਣੇ ਵਿਚਾਰਾਂ ਵਿੱਚ ਇਸ ਗੱਲ ’ਤੇ ਜ਼ੋਰ ਦਿੱਤਾ ਸੀ ਕਿ ਦੁਨੀਆ ’ਚ ਅਜਿਹੀਆਂ ਮਿਸਾਲਾਂ ਮੌਜੂਦ ਹਨ ਕਿ ਜਿਸ ਸਮਾਜ ਦਾ ਪਤਨ ਕਰਨਾ ਹੋਵੇ, ਉਸ ਨੂੰ ਮੁਫ਼ਤ ਖੈਰਾਤ ਵੰਡਣੀ ਸ਼ੁਰੂ ਕਰ ਦਿਓ।

ਮਾਤ ਭਾਸ਼ਾ ਦਿਵਸ 'ਤੇ ਵਿਸ਼ੇਸ਼

# ਮਾਤ ਭਾਸ਼ਾ ਦਿਵਸ 'ਤੇ ਮੁਬਾਰਕਾਂ ਕਿਹੜੀ ਖੁਸ਼ੀ 'ਚ ?



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

**ਸਭ ਤੋਂ** ਪਹਿਲੀ ਗੱਲ ਤਾਂ ਇਹ ਕਿ ਅੱਜ ਮਾਤ ਭਾਸ਼ਾ ਦਿਵਸ ਹੈ ਤੇ ਮੈਂ ਸਭਨਾਂ ਨੂੰ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ ਬੇਸ਼ੱਕ ਮੈਂ ਪਿਛਲੇ ਤਿੰਨ ਦਹਾਕਿਆਂ ਦੇ ਵੱਧ ਸਮੇਂ ਤੋਂ ਬਰਤਾਨੀਆਂ ਰਹਿੰਦਾਂ. ਪਰ ਅੱਜ ਤੱਕ ਮੇਰੀ ਪਹਿਲੀ ਭਾਸ਼ਾ ਪੰਜਾਬੀ ਹੀ ਰਹੀ ਹੈ ਤੇ ਹਮੇਸ਼ਾ ਰਹੇਗੀ ।ਦੂਜੀ ਭਾਸ਼ਾ ਅੰਗਰੇਜ਼ੀ ਹੈ ਤੇ ਰਹੇਗੀ, ਹਾਂ, ਕਦੇ ਕਦਾਈ ਹਿੰਦੀ, ਗੁਜ਼ਰਾਤੀ ਤੇ ਉਰਦੂ ਨੂੰ ਵੀ ਮੂੰਹ ਮਾਰ ਲਈਦਾ ।ਮੇਰੇ ਵੱਲੋਂ ਅਜਿਹਾ ਕਰਨ ਨਾਲ ਮੇਰੀ ਮਾਤ ਭਾਸ਼ਾ ਦਾ ਕਦੇ ਕੋਈ ਨੁਕਸਾਨ ਨਹੀਂ ਹੋਇਆ, ਹਾਂ ! ਪਰ ਮੈਨੂੰ ਫਾਇਦਾ ਜ਼ੂਰ ਹੋਇਆ ਹੈ । ਇਕ ਗੱਲ ਹੋਰ ਇਹ ਵੀ ਕਹਿਣੀ ਚਾਹੁੰਦਾ ਹਾਂ ਕਿ ਕਦੇ ਕਦਾ ਇਸ ਤਰਾਂ ਮਹਿਸੂਸ ਹੁੰਦਾ ਕਿ ਅੱਜ ਤੱਕ ਪੰਜਾਬੀ ਭਾਸ਼ਾ ਦਾ ਬਹੁਤਾ ਨੁਕਸਾਨ ਉਹਨਾ ਲੋਕਾਂ ਨੇ ਹੀ ਕੀਤਾ ਹੈ ਜੋ ਆਪਣੇ ਆਪ ਨੂੰ ਇਸ ਦਾ ਝੰਡਾ ਬਰਦਾਰ ਕਹਾਉਂਦੇ ਜਾਂ ਦੱਸਦੇ ਰਹੇ ਹਨ ।ਇਸ ਸੰਬੰਧੀ ਤੁਸੀਂ ਆਪਣਾ ਵਿਚਾਰ ਟਿੱਪਣੀ ਵਜੋਂ ਦਰਜ ਕਰ ਸਕਦੇ ਹੋ ।ਉਂਜ ਕਹਿਣ ਦੀ ਲੋੜ ਨਹੀਂ, ਪਰ ਫਿਰ ਵੀ ਕਹਿ ਰਿਹਾ ਹਾਂ ਕਿ ਬੇਨਤੀ ਏਹੀ ਹੈ ਕਿ ਮਸਲਾ ਮਾਂ ਬੋਲੀ ਦਾ ਹੈ ਇਸ ਕਰਕੇ ਟਿੱਪਣੀ ਸੱਭਿਅਕ ਬੋਲਾਂ ਵਿਚ ਹੀ ਹੋਵੇ ਤਾਂ ਕਿ ਮਾਖਿਓਂ ਮਿੱਠੀ ਮੇਰੀ ਸੋਹਣੀ ਬੋਲੀ ਮਲੀਨ ਨਾ ਹੋਵੇ ।

ਹਰ ਸਾਲ ਦੀ ਤਰਾਂ ਅੱਜ ਵੀ ਮਾਤ ਬੋਲੀ ਦਿਹਾੜੇ ਉੱਤੇ ਵਧਾਈਆਂ ਤੇ ਮੁਬਾਰਕਾਂ ਦਾ ਸਿਲਸਿਲਾ ਸ਼ੋਸ਼ਲ ਮੀਡੀਏ ਉਤੇ ਬੜਾ ਹੀ ਮੁਸਲਸਲ ਚਲ ਰਿਹਾ ਹੈ, ਪਰ ਮੈਨੂੰ ਇਸ 'ਤੇ ਇਤਰਾਜ ਹੈ ।ਆਪਣੇ ਇਤਰਾਜ ਦੀ ਪੁਸ਼ਟੀ ਲਈ ਮੇਰੇ ਕੋਲ ਦਲੀਲਾਂ ਵੀ ਹਨ ।ਅੰਗਰੇਜੀ ਦੁਨੀਆਂ ਦੀ ਇਕ ਨੰਬਰ ਭਾਸ਼ਾ ਬਣ ਚੁੱਕੀ ਹੈ, ਪਰ ਇਹ ਭਾਸ਼ਾ ਪੰਜਾਬੀ ਤੋਂ ਕੋਈ ਪੌਣੇ ਕੁ ਦੋ ਸੌ ਸਾਲ ਉਮਰ ਵਿਚ ਛੋਟੀ ਹੈ ।ਪੰਜਾਬੀ ਬੋਲੀ 12ਵੀਂ ਸਦੀ ਵਿਚ ਆਪਣੇ ਅਜੋਕੇ ਰੂਪ ਵਿਚ ਪੂਰੀ ਤਰਾਂ ਨਿਖਰ ਚੁੱਕੀ ਸੀ ।ਇਸ ਦਾ ਪਹਿਲਾ ਕਵੀ ਬਾਬਾ ਫਰੀਦ ਸ਼ਕਰਗੰਜ ਨੂੰ ਮੰਨਿਆ ਜਾਂਦਾ ਹੈ, ਜਿਹਨਾਂ ਦੇ 114 ਸ਼ਲੋਕ ਗੁਰੂ ਗਰੰਥ ਸਾਹਿਬ ਵਿਚ ਵੀ ਦਰਜ ਹਨ ।ਅੱਜ ਵੀ ਜਦੋਂ ਅਸੀਂ ਫਰੀਦ ਬਾਣੀ ਸਰਵਣ ਕਰਕੇ ਹਾਂ ਤਾਂ ਸਾਨੂੰ ਉਹਨਾ ਦੀ ਸਰਲ ਪੰਜਾਬੀ ਬੋਲੀ ਵਿਚਲੇ ਸਲੋਕਾਂ ਦੇ ਅਰਥ ਬੜੀ ਅਸਾਨੀ ਨਾਲ ਸਮਝ ਆ ਜਾਂਦੇ ਹਨ ।ਇਸੇ ਤਰਾਂ ਵਾਰਿਸ਼ ਸ਼ਾਹ, ਦਮੋਦਰ, ਸ਼ਾਹ ਹੁਸੈਨ, ਸੁਲਤਾਨ ਬਾਹੂ, ਖਵਾਜਾ ਗੁਲਾਮ ਫਰੀਦ , ਹਾਸ਼ਮ ਆਦਿ ਬਾਰੇ ਕਹੀ ਜਾ ਸਕਦੀ ਹੈ ।ਅੰਗਰੇਜੀ ਦਾ ਪਹਿਲਾ ਕਵੀ ਜੈਫਰੀ ਚੌਸਰ ਹੈ ਜਿਸ ਦਾ ਕਾਰਜਕਾਲ ਪੰਦਰਵੀਂ ਸਦੀ ਦੇ ਮੱਧ ਤੋਂ ਸ਼ੁਰੂ ਹੁੰਦਾ ਹੈ ।ਇਹ ਬੋਲੀ ਏਨੀ ਤੇਜੀ ਨਾਲ ਵਿਕਸਤ ਕਿਵੇਂ ਹੋ ਗਈ ? ਕੀ ਇਸ ਬੋਲੀ ਕੋਲ ਸ਼ਬਦਾਂ ਦਾ ਵੱਡਾ ਭੰਡਾਰ ਸੀ ? ਕੀ ਇਸ ਦੇ ਵਕਤਿਆਂ ਦੀ ਗਿਣਤੀ ਜਿਆਦਾ ਸੀ ? ਕੀ ਇਸ ਬੋਲੀ ਦੀਆਂ ਮਾਵਾਂ ਆਪਣੀ ਬੋਲੀ ਪ੍ਰਤੀ ਬਹੁਤ ਸੰਸਕਾਰੀ ਹਨ ਜਾਂ ਫਿਰ ਬੁਲਾਰਿਆਂ ਦੀ ਨਫਰੀ ਬਹੁਤ ਜਿਆਦਾ ਹੈ ? ਇਹਨਾਂ ਉਕਤ ਸਵਾਲਾਂ ਬਾਰੇ ਚਿੰਤਨ ਕਰੀਏ ਤਾਂ ਉੱਤਰ ਨਾਂਹ ਵਿਚ ਹੀ ਮਿਲਦਾ ਹੈ ।ਫਿਰ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਉਕਤ ਸਵਾਲਾਂ ਦਾ ਉੱਤਰ ਨਾਂਹ ਵਿਚ ਹੈ ਤਾਂ ਇਹ ਬੋਲੀ ਪੰਜਾਬੀ ਤੋਂ ਸੈਂਕੜੇ ਸਾਲ ਛੋਟੀ ਹੋਣ ਦੇ ਬਾਵਜੂਦ ਵੀ ਦੁਨੀਆਂ ਦੀ ਪਹਿਲੇ ਦਰਜੇ ਦੀ ਜੁਬਾਨ ਕਿਵੇਂ ਬਣ ਗਈ ? ਇਸ ਸਵਾਲ ਦਾ ਸਹੀ ਉੱਤਰ ਮੇਰੀ ਜਾਚੇ ਇਹ ਬਣਦਾ ਹੈ ਕਿ ਕਿਸੇ ਵੀ ਜੁਬਾਨ ਦੀ ਤਰੱਕੀ ਵਾਸਤੇ ਪਹਿਲੀ ਲੋੜ ਰਾਜਨੀਤਿਕ ਪੁਸ਼ਤ ਪਨਾਹੀ ਹੁੰਦੀ ਹੈ ਤੇ ਪੰਜਾਬੀ ਬੋਲੀ ਨੂੰ ਹੋਰਨਾਂ ਤਾਂ ਸਿਆਸੀ ਬੈਕ ਅੱਪ ਕੀ ਦੇਣੀ ਸੀ ਮਹਾਂਰਾਜਾ ਰਣਜੀਤ ਸਿੰਘ ਨੇ ਵੀ ਆਪਣੇ ਰਾਜ-ਕਾਜ ਵਿਚ ਨਹੀਂ ਦਿੱਤੀ ।ਸ਼ਾਇਦ ਇਹ ਸ਼ਬਦ ਨੈਪੋਲੀਅਨ ਨੇ ਕਹੇ ਸਨ ਕਿ ਕਿਸੇ ਕੌਮ ਨੂੰ ਗੋਲੀਆਂ ਮਾਰਕੇ ਮਾਰਨ ਦੀ ਬਜਾਏ ਉਸ ਦੀ ਜੁਬਾਨ ਖੋਹ ਲਵੋ ਤਾਂ ਉਹ ਖੁਦ ਬ ਖੁਦ ਹੀ ਮਰ ਜਾਵੇਗੀ ।ਅੰਗਰੇਜਾਂ ਨੇ ਨੈਪੋਲੀਅਨ ਦੇ ਉਕਤ ਬੋਲਾਂ ਦਾ ਸੌ ਫੀਸਦੀ ਲ਼ਾਭ ਲਿਆ, ਪੰਜਾਬੀਆਂ ਨੂੰ ਸਮਝਣ ਵਾਸਤੇ, ਪੰਜਾਬ ਵਿਚ ਅੰਗਰੇਜ ਵਿਦਵਾਨਾਂ ਦੀ ਫੌਜ ਬੁਲਾਈ, ਪੰਜਾਬੀ ਤੋਂ ਅੰਗਰੇਜੀ ਤਰਜਮਾ ਗਰੰਥ ਤਿਆਰ ਕੀਤੇ, ਪੰਜਾਬ ਦੇ ਨੌਜਵਾਨਾਂ ਨੂੰ ਆਹਲਾ ਤਾਲੀਮ ਲੈਣ ਵਾਸਤੇ ਬਰਤਾਨੀਆ ਭੇਜਿਆ ਤੇ ਵਾਪਸੀ ਉਪਰੰਤ ਉਹਨਾਂ ਨੂੰ ਵੱਡੀਆਂ ਕੁਰਸੀਆਂ ਤੇ ਆਹੁਦੇ ਦਿੱਤੇ, ਜੋ ਪੜ੍ਹ ਨਾ ਸਕੇ ਉਹਨਾਂ ਨੂੰ ਜਬਰੀ ਫੌਜ ਵਿਚ ਭਰਤੀ ਕਰ ਲਿਆ ਤੇ ਜੰਗਾਂ ਦੀ ਮੋਹਰਲੀ ਕਤਾਰ ਵਿਚ ਖੜ੍ਹਾ ਦਿੱਤਾ ਭਾਵ ਇਹ ਕਿ ਅੰਗਰੇਜਾਂ ਨੇ ਇਕ ਤੀਰ ਨਾਲ ਕਈ ਨਿਸ਼ਾਨੇ ਸਾਧ ਲਏ, ਪੰਜਾਬੀ ਬੋਲੀ ਨੂੰ ਖਤਮ ਕਰਨ ਦਾ ਮਸਲਾ ਵੀ ਹੱਲ ਕਰ ਲਿਆ, ਰਾਜ ਪਰਬੰਧ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਪਹਾੜਾ ਸਿੰਘ ਵੀ ਆਪਣੇ ਰਾਜ ਪ੍ਰਬੰਧ ਵਿਚ ਭਰਤੀ ਕਰ ਲਏ ਤੇ ਅੰਗਰੇਜੀ ਬੋਲੀ ਦਾ ਵੀ ਬੋਲ ਬਾਲਾ ਵੀ ਕਰ ਲਿਆ ।ਅਸੀਂ ਜਾਣਦੇ ਹਾਂ ਕਿ ਅੰਗਰੇਜ ਫੌਜ ਵਿਚ ਭਰਤੀ ਰਹੇ ਸਾਡੇ ਅਨਪੜ੍ਹ ਪੰਜਾਬੀ ਵੀ ਬਰਾਂਡੀ ਦਾ ਲੰਡੂ ਜਿਹਾ ਪੈੱਗ ਲਾ ਕੇ ਆਪਣੀ ਮਾਂ ਬੋਲੀ ਦੀ ਬਜਾਏ ਟੁੱਟੀ ਫੁੱਟੀ ਅੰਗਰੇਜੀ ਬੋਲਣ ਲੱਗ ਜਾਂਦੇ ਸਨ ਤੇ ਹੁਣ ਬਦਲੇ ਹੋਏ ਰੂਪ ਵਿਚ ਉਹੀ ਸਿਲਸਿਲਾ ਯੂ ਪੀ ਤੇ ਬਿਹਾਰ ਤੋਂ ਆਏ ਭਈਆ ਲੋਕਾਂ ਨਾਲ ਚੱਲ ਰਿਹਾ ਹੈ ।ਅਸੀਂ ਉਹਨਾਂ ਨੂੰ ਆਪਣੀ ਗੱਲ ਸਮਝਾਉਣ ਵਾਸਤੇ ਪੰਜਾਬੀ ਨਹੀਂ ਬਲਕਿ ਪੰਜਾਬੀ ਨੂੰ ਪਰੇ ਰੱਖਕੇ ਇਕ ਨਵੀਂ ਹੀ ਬੋਲੀ ਸਿਰਜਕੇ ਉਹਨਾਂ ਨਾਲ ਗੱਲਬਾਤ ਕਰਦੇ ਹਾਂ ਮਸਲਨ "ਬਈਆ ! ਮੱਝੋਂ ਕੋ ਪੱਠਾ ਡਾਲਦੋ , ਹਮਾਰੇ ਢੀਡ ਮੇਂ ਦਰਦ ਹੈ, ਯੂ ਪੀ ਮੇ ਤੁਮਾਰਾ ਪੀਂਡ ਕੋਣਸਾ ਹੈ ? ਵਗੈਰਾ ਵਗੈਰਾ ।ਹੁਣ ਅੰਦਾਜਾ ਅਸੀਂ ਆਪ ਹੀ ਲਗਾ ਸਕਦੇ ਹਾਂ ਕਿ ਮਾਂ ਅਤੇ ਬੋਲੀ ਦੋਹਾਂ ਨੂੰ ਕਿੰਨਾ ਕੁ ਪਿਆਰ ਕਰਦੇ ਹਾਂ !

ਫਰਾਂਸ ਇਕ ਛੋਟਾ ਜਿਹਾ ਮੁਲਕ ਹੈ, ਉਥੇ ਫਰੈਂਚ ਬੋਲੀ ਜਾਂਦੀ ਹੈ , ਜੋ ਕਿ ਇਸ ਵੇਲੇ ਦੁਨੀਆਂ ਦੀ ਪੰਜਵੀ ਵੱਡੀ ਜੁਬਾਨ ਹੈ । ਪੰਜਾਬੀ ਅਤੇ ਫਰੈਂਚ ਦੇ ਵਕਤਿਆਂ ਦੀ ਸੰਖਿਆ ਲਗਭਗ ਇਕੋ ਜਿਹੀ ਹੈ, ਪਰ ਪੰਜਾਬੀ ਇਸ ਪੱਖੋਂ ਦੁਨੀਆਂ ਦੀਆਂ ਭਾਸ਼ਾਵਾਂ ਵਿਚ 22ਵੇਂ ਨੰਬਰ ਉੱਤੇ ਹੈ ।ਇਸ ਦਾ ਕਾਰਨ ਵੀ ਏਹੀ ਕਿ ਫਰੈਂਚ ਬੋਲੀ ਨੂੰ ਸਿਆਸੀ ਬੈਕ ਅੱਪ ਮਿਲਦੀ ਰਹੀ ਹੈ ਜਦ ਕਿ ਪੰਜਾਬੀ ਜੁਬਾਨ ਦੀ ਪਿੱਠ ਵਿਚ ਇਥੋਂ ਦੀ ਸਿਆਸਤ ਹੀ ਛੁਰਾ ਖੋਭਦੀ ਰਹੀ ਹੈ ਤੇ ਇਹ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ।

ਸਰਕਾਰਾਂ ਦੀਆਂ ਗਲਤ ਨੀਤੀਆਂ ਵੀ ਉਥੋਂ ਦੀ ਬੋਲੀ ਦਾ ਘਾਤ ਕਰਦੀਆਂ ਹਨ, ਮਸਲਨ ਪੰਜਾਬੀ ਬੋਲੀ ਨੂੰ ਅੱਜ ਤੱਕ ਸਰਕਾਰਾਂ ਨੇ ਗੌਲਿਆ ਹੀ ਨਹੀਂ, ਜੇਕਰ ਇਸ ਸੰਬੰਧੀ ਮਤੇ ਪਾਏ ਜਾਂ ਕਾਨੂੰਨ ਬਣਾਏ ਗਏ ਤਾਂ ਉਹ ਬਣਾ ਕਿ ਠੰਢੇ ਬਸਤੇ ਵਿਚ ਠੂਸ ਦਿੱਤੇ, ਕਦੇ ਲਾਗੂ ਹੀ ਨਹੀਂ ਕੀਤੇ, ਸਰਕਾਰੀ ਦਫਤਰਾਂ ਵਿਚ ਬਾਬੂਆਂ ਅਤੇ ਅਫਸਰਾਂ ਦੀ ਭਰਤੀ ਬਾਹਰਲੀਆਂ ਸਟੇਟਾਂ ਤੋ ਕੀਤੀ ਗਈ, ਜੇਕਰ ਯਕੀਨ ਨਹੀਂ ਤਾਂ ਪੰਜਾਬ ਦੇ ਸਿਵਿਲ ਅਧਿਕਾਰੀ ਜਾਂ ਫਿਰ ਅੰਮ੍ਰਿਤਸਰ ਅਤੇ ਚੰਡੀਗੜ੍ਹ ਦੇ ਏਅਰ ਪੋਰਟਾਂ 'ਤੇ ਜਾ ਕੇ ਦੇਖਿਆ ਜਾ ਸਕਦਾ ਹੈ , ਪੰਜਾਬ ਦੇ ਬਹੁਤੇ ਸਕੂਲਾਂ ਵਿਚ ਪੰਜਾਬੀ ਅਧਿਆਪਕਾਂ ਦੀਆਂ ਅਸਾਮੀਆਂ ਹੀ ਖਾਲੀ ਪਈਆਂ ਹਨ, ਬੇਰੁਜਗਾਰੀ ਨੇ ਵੀ ਲੋਕਾਂ ਨੂੰ ਮਾਂ ਬੋਲੀ ਤੋਂ ਦੂਰ ਕੀਤਾ ਹੈ, ਭੁੱਖੇ ਨੂੰ ਸਵਾਲ ਪਾਓ ਤਾਂ ਉਸ ਦਾ ਉੱਤਰ ਹਮੇਸ਼ਾ ਦੋ ਰੋਟੀਆਂ ਹੀ ਹੁੰਦਾ ਹੈ, ਏਹੀ ਕਾਰਨ ਹੈ ਕਿ ਪੰਜਾਬ ਦੀ ਜਵਾਨੀ ਨੇ ਪਹਿਲਾਂ ਆਇਲਟਾਂ ਕਰਕੇ ਆਪਣੀ ਮਾਤ ਭਾਸ਼ਾ ਤੋਂ ਮੁੱਖ ਮੋੜਿਆ ਫਿਰ ਲੱਖਾਂ ਰੁਪਏ ਖਰਚ ਕਰਕੇ ਆਪਣੀ ਮਾਂ ਭੂਮੀ ਛੱਡਕੇ ਵਿਦੇਸ਼ਾਂ ਵੱਲ ਭੱਜਣ ਲਈ ਮਜਬੂਰ ਹੋਏ।

ਜਿਥੋਂ ਤੱਕ ਲਹਿੰਦੇ ਪੰਜਾਬ ਦੀ ਗੱਲ ਹੈ ।ਇਸ ਵਿਚ ਬਿਲਕੁਲ ਵੀ ਕੋਈ ਦੋ ਰਾਇ ਨਹੀ ਕਿ ਉਹ ਲੋਕ ਮਾਂ ਬੋਲੀ ਪੰਜਾਬੀ ਨੂੰ ਇੰਤਹਾ ਮੁਹੱਬਤ ਕਰਦੇ ਹਨ, ਪਰ ਪੰਜਾਬੀ ਬੋਲੀ ਨੂੰ ਸਿਆਸੀ ਸਹਾਰਾ ਨਾ ਹੋਣ ਕਰਕੇ ਉਥੇ ਵੀ ਪੰਜਾਬੀ ਬੋਲੀ ਨੁਕਰੇ ਲਗਾਈ ਜਾ ਰਹੀ ਹੈ ।ਲਹਿੰਦੇ ਪੰਜਾਬ ਵਿਚ ਨਿਤ ਕਾਨਫਰੰਸਾਂ, ਧਰਨੇ ਤੇ ਮੁਜ਼ਾਹਰੇ ਹੋ ਰਹੇ ਹਨ ਪਰ ਉਥੇ ਹਾਲਾਤ ਢਾਕ ਕੇ ਤੀਨ ਪਾਤ ਵਾਲੇ ਹੀ ਬਣੇ ਹੋਏ ਹਨ ।ਸਰਕਾਰਾਂ 'ਤੇ ਕੋਈ ਅਸਰ ਨਹੀਂ, ਸਕੂਲਾਂ ਵਿਚ ਪੰਜਾਬੀ ਬੋਲੀ ਦੀ ਪੜ੍ਹਾਈ ਠੱਪ ਪਈ ਹੈ, ਸ਼ਹਿਰੀ ਤਬਕਾ ਉਰਦੂ ਬੋਲਣ ਨੂੰ ਤਰਜੀਹ ਦੇ ਰਿਹਾ ਹੈ, ਸਰਕਾਰੀ ਜੁਬਾਨ ਉਰਦੂ ਹੈ ਤੇ ਦਫਤਰਾਂ ਤਹਿਸੀਲਾਂ ਦਾ ਸਾਰਾ ਕੰਮਕਾਜ ਉਰਦੂ ਵਿਚ ਹੀ ਹੋ ਰਿਹਾ ਹੈ ।ਵੱਖ ਵੱਖ ਤਨਜੀਮਾਂ ਵਲੋਂ ਕੀਤੇ ਜਾ ਰਹੇ ਸ਼ੰਘਰਸ਼ ਦਾ ਚੰਗਾ ਅਸਰ ਇਹ ਜ਼ੂਰ ਪੈ ਰਿਹਾ ਕਿ ਆਮ ਲੋਕਾਂ ਵਿਚ ਆਪਣੀ ਮਾਤ ਭਾਸ਼ਾ ਪ੍ਰਤੀ ਚੇਤਨਾ ਪੈਦਾ ਹੋ ਰਹੀ ਹੈ, ਪਰ ਸਿਆਸੀਤੰਤਰ ਇਸ ਪੱਖੋਂ ਘੋਗੜਕੰਨਾ ਬਣਿਆ ਹੋਇਆ ਹੈ ।

ਮਾਂ ਬੋਲੀ ਉਸ ਦੇ ਵਕਤਿਆਂ ਦੇ ਸਿਰ ਦਾ ਤਾਜ ਹੁੰਦੀ ਹੈ, ਪਰ ਇਕ ਗੱਲੋਂ ਮੈਨੂੰ ਹੈਰਾਨੀ ਹੁੰਦੀ ਹੈ ਕਿ ਪੰਜਾਬੀ ਬੋਲੀ ਦਾ ਰੁਤਬਾ ਚੜ੍ਹਦੇ ਤੇ ਲਹਿੰਦੇ ਦੋਹਾਂ ਪੰਜਾਬਾਂ ਵਿਚ ਹੀ ਬਹਾਲ ਨਹੀਂ, ਇਸ ਨੂੰ ਬਹਾਲ ਕਰਾਉਣ ਵਾਸਤੇ ਲਗਾਤਾਰ ਸੰਘਰਸ਼ ਚੱਲ ਰਿਹਾ ਹੈ, ਆਪਣੀਆਂ ਮਾਲੀ ਮਜਬੂਰੀਆਂ ਨੂੰ ਦਰਪੇਸ਼ ਆਮ ਲੋਕ ਤੇ ਨੌਜਵਾਨ ਪੀੜ੍ਹੀ, ਮਾਤ ਬੋਲੀ ਤੋਂ ਦੂਰ ਹੁੰਦੇ ਜਾ ਰਹੇ ਹਨ, ਦੂਜੇ ਪਾਸੇ ਮਾਤ ਭਾਸ਼ਾ ਦਿਵਸ ਨੂੰ ਲੈ ਕੇ ਸ਼ੋਸ਼ਲ ਮੀਡੀਏ ਉੱਤੇ ਵਧਾਈਆਂ ਤੇ ਮੁਬਾਰਰਾਂ ਦਾ ਹੜ੍ਹ ਆਇਆ ਹੋਇਆ ਹੈ, ਸਮਝ ਨਹੀ ਆ ਰਹੀ ਕਿ ਅਸੀਂ ਕਿਹੜੀ ਵੱਡੀ ਮੱਲ ਮਾਰ ਲਈ ਹੈ ਕਿ ਏਨੇ ਵੱਡੇ ਪੱਧਰ ਉੱਤੇ ਵਧਾਈਆਂ ਦਾ ਅਦਾਨ ਪਰਦਾਨ ਕਰ ਰਹੇ ਹਾਂ ਜਦ ਕਿ ਇਹਨਾਂ ਮੌਕਿਆਂ ਉੱਤੇ ਸਾਨੂੰ ਚਿੰਤਨ ਕਰਨਾ ਚਾਹੀਦਾ ਹੈ ਕਿ ਸਾਡੀ ਜਮੀਨੀ ਹਕੀਕਤ ਕੀ ਹੈ, ਕਿ ਇਹ ਖੁਸ਼ੀ ਦਾ ਸਮਾਂ ਹੈ ਜਾਂ ਫਿਰ ਜਰਾ ਠਰੰਮੇ ਨਾਲ ਚਿੰਤਨ ਕਰਕੇ ਕੁੱਝ ਐਕਸਨ ਲੈਣ ਦਾ ! ਕਈ ਵਾਰ ਇਹ ਜਰੂਰੀ ਹੁੰਦਾ ਹੈ ਕਿ ਆਪਣੀ ਪੀੜ੍ਹੀ ਹੇਠ

ਵੀ ਸੋਟਾ ਮਾਰ ਹੀ ਲਿਆ ਜਾਵੇ ਕਿਉਂਕਿ ਮਸਲੇ ਦੀ ਜੜ੍ਹ ਕਈ ਵਾਰ ਉਥੋ ਵੀ ਹੱਥ ਆ ਸਕਦੀ ਹੈ ।ਗੁਸਤਾਖੀ ਮੁਆਫ।

ਐਸਆਈਆਰ ਅਧੀਨ ਅੰਤਿਮ ਸੂਚੀਆਂ ਦੇ ਪ੍ਰਕਾਸ਼ਨ ਤੋਂ ਬਾਅਦ

# ਨੌ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਲਗਭਗ 8% ਵੋਟਰਾਂ ਦੇ ਨਾਮ ਹਟਾਏ ਗਏ

**ਨਵੀਂ ਦਿੱਲੀ 22 ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**:- ਵੋਟਰ ਸੂਚੀਆਂ ਦੇ ਵਿਸ਼ੇਸ਼ ਇੰਟੈਂਸਿਵ ਰਿਵੀਜ਼ਨ (ਐਸਆਈਆਰ) ਦੀਆਂ ਅੰਤਿਮ ਵੋਟਰ ਸੂਚੀਆਂ ਦੇ ਪ੍ਰਕਾਸ਼ਨ ਤੋਂ ਬਾਅਦ ਨੌਂ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਲਗਭਗ 8% ਵੋਟਰਾਂ ਦੇ ਨਾਮ ਹਟਾ ਦਿੱਤੇ ਗਏ ਹਨ ।ਸ਼ਨੀਵਾਰ (21 ਫਰਵਰੀ) ਨੂੰ ਰਾਜਸਥਾਨ, ਮੱਧ ਪ੍ਰਦੇਸ਼, ਕੇਰਲ, ਅੰਡੇਮਾਨ ਅਤੇ ਨਿਕੋਬਾਰ, ਛੱਤੀਸਗੜ੍ਹ ਅਤੇ ਗੋਆ ਦੀਆਂ ਅੰਤਿਮ ਵੋਟਰ ਸੂਚੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ। ਇਸ ਤੋਂ ਪਹਿਲਾਂ ਗੁਜਰਾਤ ਦੀਆਂ ਅੰਤਿਮ ਸੂਚੀਆਂ 17 ਫਰਵਰੀ ਨੂੰ ਅਤੇ ਪੁਡੂਚੇਰੀ ਅਤੇ ਲਕਸ਼ਦੀਪ ਦੀਆਂ ਅੰਤਿਮ ਸੂਚੀਆਂ 14 ਫਰਵਰੀ ਨੂੰ ਜਾਰੀ ਕੀਤੀਆਂ ਗਈਆਂ ਸਨ। ਰਿਪੋਰਟ ਅਨੁਸਾਰ, ਅੰਤਿਮ ਵੋਟਰ ਸੂਚੀਆਂ ਵਿੱਚ 1,70,28,514 ਨਾਵਾਂ ਨੂੰ ਹਟਾਇਆ ਗਿਆ ਹੈ ਜੋ ਕਿ ਕੁੱਲ ਦਾ 7.93% ਹੈ । ਜਦੋਂ 27 ਅਕਤੂਬਰ ਨੂੰ ਐਸਆਈਆਰ ਦੇ ਦੂਜੇ ਦੌਰ ਦਾ ਐਲਾਨ ਕੀਤਾ ਗਿਆ ਸੀ, ਤਾਂ ਇਨ੍ਹਾਂ ਛੇ ਰਾਜਾਂ ਅਤੇ ਤਿੰਨ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੋਟਰਾਂ ਦੀ ਕੁੱਲ ਗਿਣਤੀ 21,45,62,215 ਸੀ। ਰਾਜਾਂ ਵਿੱਚੋਂ, ਗੁਜਰਾਤ ਵਿੱਚ ਸਭ ਤੋਂ ਵੱਧ 13.4% ਵੋਟਰ ਮਿਟਾਏ ਗਏ ਹਨ ਅਤੇ ਕੇਰਲ ਵਿੱਚ ਸਭ ਤੋਂ ਘੱਟ 3.22% ਵੋਟਰ ਮਿਟਾਏ ਗਏ ਹਨ। ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਅੰਡੇਮਾਨ ਅਤੇ ਨਿਕੋਬਾਰ ਵਿੱਚ ਸਭ ਤੋਂ ਵੱਧ 16.87% ਅਤੇ ਲਕਸ਼ਦੀਪ ਵਿੱਚ ਸਭ ਤੋਂ ਘੱਟ 0.36% ਮਿਟਾਏ ਗਏ ।ਛੱਤੀਸਗੜ੍ਹ ਵਿੱਚ ਕਟੌਤੀ ਦੀ ਦਰ 11.77%, ਗੋਆ ਵਿੱਚ 10.76%, ਪੁਡੂਚੇਰੀ ਵਿੱਚ 7.5%, ਮੱਧ ਪ੍ਰਦੇਸ਼ ਵਿੱਚ 5.96% ਅਤੇ ਰਾਜਸਥਾਨ ਵਿੱਚ 5.74% ਰਹੀ।12 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਜਿੱਥੇ ਐਸਆਈਆਰ ਕੀਤਾ ਜਾ ਰਿਹਾ ਹੈ, ਪੱਛਮੀ ਬੰਗਾਲ, ਉੱਤਰ ਪ੍ਰਦੇਸ਼ ਅਤੇ ਤਾਮਿਲਨਾਡੂ ਵਿੱਚ ਅੰਤਿਮ ਸੂਚੀਆਂ ਅਜੇ ਪ੍ਰਕਾਸ਼ਿਤ ਨਹੀਂ ਕੀਤੀਆਂ ਗਈਆਂ ਹਨ। ਉੱਤਰ ਪ੍ਰਦੇਸ਼ ਵਲੋਂ ਇਸਦੀ ਅੰਤਿਮ ਸੂਚੀ 10 ਅਪ੍ਰੈਲ ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ। ਤਾਮਿਲਨਾਡੂ ਸੋਮਵਾਰ (23 ਫਰਵਰੀ) ਨੂੰ ਆਪਣੀ ਅੰਤਿਮ ਸੂਚੀ ਪ੍ਰਕਾਸ਼ਿਤ ਕਰੇਗਾ। ਪੱਛਮੀ ਬੰਗਾਲ ਵਿੱਚ, ਜਿੱਥੇ ਇਸ ਅਭਿਆਸ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਹੈ, ਸੁਪਰੀਮ ਕੋਰਟ ਨੇ 28 ਫਰਵਰੀ ਨੂੰ ਅੰਤਿਮ ਸੂਚੀ ਪ੍ਰਕਾਸ਼ਿਤ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ ।ਸ਼ੁੱਕਰਵਾਰ ਨੂੰ, ਸੁਪਰੀਮ ਕੋਰਟ ਨੇ ਰਾਜ ਵਿੱਚ ਵਿਵਾਦਪੂਰਨ ਐਸਆਈਆਰ ਅਭਿਆਸ ਵਿੱਚ ਚੋਣ ਕਮਿਸ਼ਨ ਦੀ ਸਹਾਇਤਾ ਲਈ ਮੌਜੂਦਾ ਅਤੇ ਸਾਬਕਾ ਜ਼ਿਲ੍ਹਾ ਜੱਜਾਂ ਨੂੰ ਤਾਇਨਾਤ ਕਰਨ ਦੇ ਨਿਰਦੇਸ਼ ਜਾਰੀ ਕੀਤੇ। ਪੀਟੀਆਈ ਦੁਆਰਾ ਬੈਂਚ ਦੇ ਹਵਾਲੇ ਨਾਲ ਕਿਹਾ ਗਿਆ ਹੈ, ਦਸਤਾਵੇਜ਼ਾਂ ਦੀ ਸੱਚਾਈ ਦੇ ਨਿਰਣੇ ਵਿੱਚ ਨਿਰਪੱਖਤਾ ਨੂੰ ਯਕੀਨੀ ਬਣਾਉਣ ਅਤੇ ਵੋਟਰ ਸੂਚੀ ਵਿੱਚ ਨਤੀਜੇ ਵਜੋਂ ਸ਼ਾਮਲ/ਬਾਹਰ ਕੱਢਣ ਲਈ, ਅਤੇ ਜਿਵੇਂ ਕਿ ਦੋਵਾਂ ਧਿਰਾਂ ਦੁਆਰਾ ਸਹਿਮਤੀ ਦਿੱਤੀ ਗਈ ਹੈ, ਸਾਡੇ ਕੋਲ ਕਲਕੱਤਾ ਹਾਈ ਕੋਰਟ ਦੇ ਮੁੱਖ ਜੱਜ ਨੂੰ ਬੇਨਤੀ ਕਰਨ ਤੋਂ ਇਲਾਵਾ ਕੋਈ ਹੋਰ ਵਿਕਲਪ ਨਹੀਂ ਬਚਿਆ ਹੈ ਕਿ ਉਹ ਸੇਵਾ ਕਰ ਰਹੇ ਨਿਆਂਇਕ ਅਧਿਕਾਰੀਆਂ ਦੇ ਨਾਲ-ਨਾਲ ਕੁਝ ਸਾਬਕਾ ਨਿਆਂਇਕ ਅਧਿਕਾਰੀਆਂ ਨੂੰ ਵਾਧੂ ਜ਼ਿਲ੍ਹਾ ਜੱਜ ਅਤੇ ਜ਼ਿਲ੍ਹਾ ਜੱਜ ਦੇ ਰੈਂਕ 'ਤੇ ਛੱਡ ਦੇਣ, ਜਿਨ੍ਹਾਂ ਨੂੰ ਫਿਰ 'ਤਰਕਪੂਰਨ ਅੰਤਰ' ਦੀ ਸ਼੍ਰੇਣੀ ਦੇ ਤਹਿਤ ਲੰਬਿਤ ਦਾਅਵਿਆਂ 'ਤੇ ਮੁੜ ਵਿਚਾਰ/ਨਿਪਟਾਰਾ ਕਰਨ ਲਈ ਬੇਨਤੀ ਕੀਤੀ ਜਾ ਸਕਦੀ ਹੈ।



## ਇੱਕ ਨਜ਼ਰ...



ਗ੍ਰੈਵਿਟੀ ਬਾਥ ਪ੍ਰਾਈਵੇਟ ਲਿਮਟਿਡ ਕੰਪਨੀ ਵੱਲੋਂ ਹੋਲੇ ਮਹੱਲੇ ਮੌਕੇ

### ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ ਵਿਖੇ ਫੈਂਸੀ ਟੂਟੀਆਂ ਦੀ ਕੀਤੀ ਸੇਵਾ

ਸ੍ਰੀ ਅਨੰਦਪੁਰ ਸਾਹਿਬ, 22 ਫਰਵਰੀ (ਆਵਾਜ਼ਿ ਕੌਮ ਬਿਊਰੋ)- ਗ੍ਰੈਵਿਟੀ ਬਾਥ ਪ੍ਰਾਈਵੇਟ ਲਿਮਟਿਡ ਕੰਪਨੀ ਗਾਜ਼ੀਆਬਾਦ ਵੱਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ ਵਿਖੇ ਫੈਂਸੀ ਟੂਟੀਆਂ ਦੀ ਸੇਵਾ ਕੀਤੀ ਗਈ। ਇਸ ਮੌਕੇ ਕੰਪਨੀ ਦੇ ਐਮਡੀ ਅਨੂਪ ਗਰਗ ਅਤੇ ਐਮਡੀ ਰੋਹਿਤ ਅਗਰਵਾਲ ਨੇ ਗੱਲਬਾਤ ਕਰਦੇ ਦੱਸਿਆ ਕਿ ਖਾਲਸਾ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਹੁਤ ਹੀ ਸ਼ਰਧਾ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਨਾਨਕ ਨਾਮ ਲੇਵਾ ਸੰਗਤਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੋਣ ਆਉਂਦੀਆਂ ਹਨ। ਜਿਨਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਗ੍ਰੈਵਿਟੀ ਬਾਥ ਪ੍ਰਾਈਵੇਟ ਲਿਮਟਿਡ ਕੰਪਨੀ ਗਾਜ਼ੀਆਬਾਦ ਵੱਲੋਂ ਤਖਤ ਸ਼੍ਰੀ ਕੇਸਗੜ੍ਹ ਸਾਹਿਬ , ਗੁਰਦਵਾਰਾ ਭੌਰਾ ਸਹਿਬ ਅਤੇ ਗੁਰਦੁਆਰਾ ਸੀਸਗੰਜ ਸਾਹਿਬ ਤੋਂ ਇਲਾਵਾ ਹੋਰ ਗੁਰਦੁਆਰਾ ਸਾਹਿਬਾਨ ਵਿਖੇ ਜਨਤਕ ਪਖਾਨਿਆਂ ਅਤੇ ਵਾਸ਼ ਬੇਸਿਨ ਲਈ 300 ਦੇ ਕਰੀਬ ਫੈਂਸੀ ਟੂਟੀਆਂ ਲਗਾਉਣ ਦੀ ਸੇਵਾ ਕੀਤੀ ਗਈ ਹੈ। ਉਹਨਾਂ ਨੂੰ ਦੱਸਿਆ ਕਿ ਉਹ ਆਪ ਨੂੰ ਬਹੁਤ ਵਡਭਾਗੇ ਸਮਝਦੇ ਹਨ ਜਿਨਾਂ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ ਹੈ। ਇਸ ਮੌਕੇ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ, ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ ਸੂਚਨਾ ਅਫਸਰ ਵੱਲੋਂ ਜਿੱਥੇ ਉਹਨਾਂ ਦਾ ਇਹ ਸੇਵਾ ਲਈ ਧੰਨਵਾਦ ਕੀਤਾ ਉੱਥੇ ਹੀ ਉਨਾਂ ਨੂੰ ਸਿਰਪਾਓ ਦੀ ਬਖਸ਼ਿਸ਼ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲਜਿੰਦਰ ਸਿੰਘ ਜੇ.ਈ, ਰਾਜਵਿੰਦਰ ਸਿੰਘ ਪਲੰਬਰ ਭਾਈ ਸਰਬਜੀਤ ਸਿੰਘ, ਅਵਲੀਨ ਸਿੰਘ ਅਤੇ ਅਨਿਲ ਕੁਮਾਰ ਆਦਿ ਵੀ ਹਾਜ਼ਰ ਸਨ।



### ਹਰਜੀਤ ਸਿੰਘ ਪੰਨੂ ਨੇ ਐਨ. ਕੇ. ਸ਼ਰਮਾ ਨਾਲ ਕੀਤੀ ਮੁਲਾਕਾਤ



ਖਰੜ, 22 ਫਰਵਰੀ (ਆਵਾਜ਼ਿ ਕੌਮ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਸੰਗਠਨ ਨੂੰ ਮਜ਼ਬੂਤ ਕਰਨ ਦੇ ਮੰਤਵ ਨਾਲ ਹਰਜੀਤ ਸਿੰਘ ਪੰਨੂ ਨੂੰ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਪਾਰ ਵਿੰਗ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਮਨਜ਼ੂਰੀ ਨਾਲ ਕੀਤੀ ਗਈ ਹੈ। ਨਵੀਂ ਜ਼ਿੰਮੇਵਾਰੀ ਸੰਭਾਲਣ ਤੋਂ ਬਾਅਦ ਹਰਜੀਤ ਸਿੰਘ ਪੰਨੂ ਨੇ ਸੀਨੀਅਰ ਆਗੂ ਐਨ. ਕੇ. ਸ਼ਰਮਾ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਆਸ਼ੀਰਵਾਦ ਲਿਆ ਅਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਅਤੇ ਉਹ ਇਸ ਨੂੰ ਨਿਭਾਉਣ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ ।ਪੰਨੂ ਨੇ ਦੱਸਿਆ ਕਿ ਵਪਾਰੀ ਵਰਗ ਅਤੇ ਨੌਜਵਾਨ ਉਦਯੋਗਪਤੀ ਸੂਬੇ ਦੀ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਵਪਾਰ ਵਿੰਗ ਨੂੰ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ ਮਜ਼ਬੂਤ ਕੀਤਾ ਜਾਵੇਗਾ ਅਤੇ ਵਧ ਤੋਂ ਵਧ ਲੋਕਾਂ ਨੂੰ ਪਾਰਟੀ ਨਾਲ ਜੋੜਿਆ ਜਾਵੇਗਾ। ਉਨ੍ਹਾਂ ਭਰੋਸਾ ਦਿਵਾਇਆ ਕਿ ਵਪਾਰੀਆਂ ਅਤੇ ਉਦਯੋਗਪਤੀਆਂ ਦੀਆਂ ਸਮੱਸਿਆਵਾਂ ਨੂੰ ਪਾਰਟੀ ਮੰਚ 'ਤੇ ਉਠਾਇਆ ਜਾਵੇਗਾ ਅਤੇ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਲਈ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਪਾਰਟੀ ਆਗੂਆਂ ਅਤੇ ਵਰਕਰਾਂ ਨੇ ਉਨ੍ਹਾਂ ਦੀ ਨਿਯੁਕਤੀ ਦਾ ਸਵਾਗਤ ਕਰਦਿਆਂ ਉਮੀਦ ਜਤਾਈ ਕਿ ਉਹ ਆਪਣੀ ਨਵੀਂ ਭੂਮਿਕਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਗੇ।

### ਸੰਯੁਕਤ ਕਿਸਾਨ ਮੋਰਚੇ ਵਲੋਂ ਡਾ. ਰਾਜ ਕੁਮਾਰ ਐਮ.ਪੀ. ਅਤੇ ਡਾ. ਅਸ਼ਾਂਕ ਕੁਮਾਰ ਐਮ.ਐਲ.ਏ ਦੇ ਘਰ ਅੱਗੇ ਧਰਨਾ ਦਿੱਤਾ

ਹੁਸ਼ਿਆਰਪੁਰ, 22 ਫਰਵਰੀ (ਆਵਾਜ਼ਿ ਕੌਮ ਬਿਊਰੋ)- ਅੱਜ ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਪੂਰੇ ਪੰਜਾਬ ਵਿੱਚ ਬੀ.ਜੇ.ਪੀ. ਦੇ ਆਗੂਆਂ ਅਤੇ ਆਮ ਆਦਮੀ ਪਾਰਟੀ ਦੇ ਐਮ.ਪੀ. ਅਤੇ ਐਮ.ਐਲ.ਏ ਦੇ ਘਰਾਂ ਅੱਗੇ ਧਰਨੇ ਦੇਨ ਦਾ ਸੱਦਾ ਦਿੱਤਾ ਗਿਆ ਸੀ ਗਏ। ਇਸੀ ਲੜੀ ਵਿੱਚ ਅੱਜ ਹੁਸ਼ਿਆਰਪੁਰ ਵਿਖੇ ਡਾ. ਰਾਜ ਕੁਮਾਰ ਐਮ.ਪੀ. ਅਤੇ ਡਾ. ਅਸ਼ਾਂਕ ਕੁਮਾਰ ਐਮ.ਐਲ.ਏ ਦੇ ਘਰ ਅੱਗੇ ਧਰਨਾ ਦਿੱਤਾ ਗਿਆ। ਇਸ ਧਰਨੇ ਵਿੱਚ ਵਡੀ ਗਿਣਤੀ ਵਿੱਚ ਕਿਸਾਨਾ ਨੇ ਸ਼ਮੂਲਿਅਤ ਕੀਤੀ। ਇਸ ਧਰਨੇ ਨੂੰ ਵੱਖ-ਵੱਖ ਆਗੂਆਂ ਨੇ ਸੰਬੋਧਨ ਕੀਤਾ। ਡਾ. ਸੁਖਦੇਵ ਸਿੰਘ ਢਿਲੋਂ ਜਮਹੂਰੀ ਕਿਸਾਨ ਸਭਾ, ਭੁਪਿੰਦਰ ਸਿੰਘ ਭੂੰਗਾ ਕਿਰਤੀ ਕਿਸਾਨ ਯੂਨੀਅਨ, ਹਰਬੰਸ ਸਿੰਘ ਸੰਘਾ ਕਿਸਾਨ ਕਮੇਟੀ ਦੋਆਬਾ ਪੰਜਾਬ, ਮਲਕੀਤ ਸਿੰਘ ਬਾਹੋਵਾਲ ਜਮਹੂਰੀ ਕਿਸਾਨ ਸਭਾ, ਸੰਗਾਰਾ ਸਿੰਘ ਬੀ.ਕੇ.ਯੂ ਉਗਰਾਹਾਂ, ਕਾਮ. ਗੁਰਮੇਸ਼ ਸਿੰਘ ਕੁਲ ਹਿੰਦ ਕਿਸਾਨ ਸਭਾ ਆਦਿ ਨੇ ਸੰਬੋਧਨ ਕੀਤਾ। ਸਾਰੇ ਬੁਲਾਰਿਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਮੁਕਤ ਵਿਉਪਾਰ ਇਕਰਾਰਨਾਮਿਆਂ ਖਿਲਾਫ਼ ਵਿਧਾਨ ਸਭਾ ਸੈਸ਼ਨ ਸਦ ਕੇ ਮਤਾ ਪਾਸ ਕਰੇ, ਕਿਉਕਿ ਇਹ ਸੰਮਝੋਤੇ ਸਾਡੀ ਖੇਤੀ ਬਾੜੀ ਅਤੇ ਡੇਅਰੀ ਸੈਕਟਰ ਨੂੰ ਤਬਾਹ ਕਰ ਦੇਣਗੇ ਅਤੇ ਬਿਜਲੀ ਬੋਰਡ ਦੀਆਂ ਜ਼ਮੀਨਾਂ ਵੇਚਣ ਦਾ ਕੰਮ ਬੰਦ ਕੀਤਾ ਜਾਵੇ।